**ਲੇਖਕ ਦੀਆਂ ਹੋਰ ਰਚਨਾਵਾਂ :**

**ਕਾਵਿ-ਸੰਗ੍ਰਹਿ :**

- ਪੱਥਰ ਦੀ ਅੱਖ (1970)
- ਗੁਲਾਬ ਫ਼ਾਨੂਸ ਤੇ ਬਰਫ਼ (1977)
  (ਭਾਈ ਵੀਰ ਸਿੰਘ ਪੁਰਸਕਾਰ ਵਿਜੇਤਾ)
- ਆਨੰਦਪੁਰ ਬਨਾਮ ਦਿੱਲੀ (1977)
- ਮੋਹ-ਮਹਿਲ (1981)

**ਗ਼ਜ਼ਲ-ਸੰਗ੍ਰਹਿ :**

- ਕਾਸ਼ਨੀ ਦੇ ਫੁੱਲ (2003)

**ਛਪਣ ਹਿਤ**

- ਕੱਚ ਦੀਆਂ ਮੁੰਦਰਾਂ
- ਸੰਦਲੀ ਰੁੱਤ
- ਚੀਨੇ ਕਬੂਤਰ
- ਢਾਈ ਪੱਤ ਮਛਲੀ ਦੇ
- ਕਿੱਸਾ ਪਰਦੇਸੀ ਰਾਂਝਣ (ਵਿਅੰਗ)
- ਹੱਸਦੇ ਹੱਸਦੇ ਜਾਂਦੇ ਜਾਂਦੇ (ਵਿਅੰਗ)
- ਪੰਜਾਬ ਦੇ ਮੇਲੇ (ਵਾਰਤਕ)

# ਮਿੱਟੀ ਦੇ ਮੋਰ

ਸ਼ੇਰ ਸਿੰਘ ਕੰਵਲ

**ਰਵੀ ਸਾਹਿਤ ਪ੍ਰਕਾਸ਼ਨ**
ਅੰਮ੍ਰਿਤਸਰ-143002

Mitti De Mor (Poetry)

*by* : ***Sher Singh Kanwal***
[illegible] 60th St
Niagara Falls, Ny 14304
U.S.A
Ph. (716) [illegible]

*Published by*
***Ravi Sahit Prakashan***
11, G.N.D.U. Shopping Complex
P.O. Khalsa College,
G.T. Road, AMRITSAR-143 002
Ph. 0183-2258633

ISBN 81-7143-406-1

ਪਹਿਲੀ ਵਾਰ : 2006

© ਸ਼ੇਰ ਸਿੰਘ ਕੰਵਲ

ਸਰਵਰਕ : ਸੁਖਵੰਤ ਸਿੰਘ

**ਮੁੱਲ : ਇਕ ਸੌ ਵੀਹ ਰੁਪਏ**

*ਪ੍ਰਕਾਸ਼ਕ :*

**ਰਵੀ ਸਾਹਿਤ ਪ੍ਰਕਾਸ਼ਨ**
11, ਗੁ. ਨਾ. ਦੇ. ਯੂਨੀਵਰਸਿਟੀ ਸ਼ਾਪਿੰਗ ਕੰਪਲੈਕਸ,
ਡਾਕਘਰ : ਖ਼ਾਲਸਾ ਕਾਲਜ,
ਜੀ. ਟੀ. ਰੋਡ, ਅੰਮ੍ਰਿਤਸਰ-143 002
ਫੋਨ : 0183-2258633

*ਛਾਪਕ :*

ਪ੍ਰਿੰਟਵੈੱਲ, 146, ਫੋਕਲ ਪੁਆਇੰਟ, ਅੰਮ੍ਰਿਤਸਰ

## ਤ ਤ ਕ ਰਾ

* ਸੁਖ ਸੁਨੇਹਾ 9
* ਮਿੱਟੀ ਦੇ ਮੋਰ 11
* ਪਰਦੇਸੀ 15
* ਅਗਨ ਭੁਲੇਖਾ 17
* ਘਰ 20
* ਖੇਸ ਦੀ ਬੁੱਕਲ 22
* ਨਿੱਕੇ ਨਿੱਕੇ ਵਾਮਨ ਮਨੁੱਸ਼ 63
* ਮੋਹ ਮਹਿਲ ਦੇ ਕਿੰਗਰੇ 65
* ਫੇਰ ਮਿਲੀ ਉਹ 67
* ਨੌਕਰੀ 75
* ਸਾਬਤੀ ਛੁੱਟੀ 77
* ਮੋਢਾ 81
* ਖੰਭ 83

* ਵਹਿੰਗੀ 86
* ਨਰਸਿੰਗ ਹੋਮ 89
* ਮੂਰਖ 92
* ਅਖ਼ਬਾਰਾਂ 94
* ਤਾਸ਼ 96
* ਜੰਗਲ ਦੇ ਬਾਂਸ 98
* ਆਸ-ਨਿਰਾਸ 100
* ਸ਼ੇਰ 102
* ਸਿਰਜਣਾ ਦੇ ਪਲ 103
* ਵਰਤਮਾਨ 105
* ਝੋਰਾ 107
* ਮੇਰੇ ਦੋਸਤ 109

*

*

ਪਰਦੇਸ ਦੇ
ਝਿਲਮਿਲਾਂਦੇ ਸੁਨਹਿਰੀ ਜਾਲ
ਵਿਚ
ਛਟਪਟਾਉਂਦੇ
ਰੰਗੀਨ ਪਰਿੰਦਿਆਂ
ਦੇ ਨਾਂ

*

## ਸੁੱਖ-ਸੁਨੇਹਾ

*

ਪਿੰਡ ਨੂੰ ਸੁੱਖ-ਸੁਨੇਹਾ ਦੇਣਾ
ਫ਼ਿਕਰ ਕਰੇ ਨਾ
ਮੁੜ ਆਵਾਂਗੇ।

ਮੁੜ ਆਵਾਂਗੇ
ਲਹੂ ਵੇਚ ਕੇ!
ਚਾਂਦੀ ਲੈ ਕੇ!
ਬੁੱਢੇ ਵਾਰੇ ਡਿੱਗਦੇ-ਢਹਿੰਦੇ
ਅੰਨ-ਜਲ ਹੋਇਆ।

ਜਦ ਕਿ ਪਿੰਡ ਦੇ
ਅੱਧੇ ਕੁ ਘਰ ਢਹਿ ਚੁੱਕਣਗੇ
ਅੱਧੇ ਕੁ ਰੁੱਖ ਡਿੱਗ ਪੈਣਗੇ
ਅੱਖਾਂ ਦੇ ਵਿਚ ਅੱਥਰੂ ਭਰ ਕੇ
ਅਪਣੇ ਘਰ ਦਾ ਰਾਹ ਲੱਭਾਂਗੇ।

ਦਰ ਵੜਦੇ ਪਰ ਘਰ ਹੱਸੇਗਾ
ਜਦ ਦੱਸੇਗਾ—
ਪਿੰਡ ਦੇ ਕਿੰਨੇ ਬੁੱਢੇ ਬਾਬੇ
ਥੜ੍ਹੀਆਂ ਖ਼ਾਲੀ ਕਰ ਚੁੱਕੇ ਹਨ
ਕਿੰਨੇ ਪਿਆਰੇ ਚਾਚੇ ਤਾਏ
ਰੁੱਤੋਂ ਪਹਿਲਾਂ
ਅਣਹੋਈ ਠੰਢ ਠਰ ਚੁੱਕੇ ਹਨ।

ਕਿੰਨੇ ਭੁੱਖਣ-ਭਾਣੇ ਪੰਛੀ
ਹੋਰ ਦਿਸ਼ਾਈਂ ਉੱਡ ਗਏ ਹਨ

ਕਿੰਨੇ ਕੁੜੀਆਂ-ਚਿੜੀਆਂ ਚੰਬੇ
ਬਾਬਲ ਵਿਹੜੇ ਛੱਡ ਗਏ ਹਨ।

ਮੂਰਖ਼ਤਾ ਦੇ ਘਰ ਹੱਸੇਗਾ
ਹੱਸਦਾ ਹੱਸਦਾ ਫਿਰ ਪੁੱਛੇਗਾ—
ਕੀ ਖੱਟਿਆ ਹੈ ?

ਫਿਰ ਚਾਂਦੀ ਦੀਆਂ ਚਾਰ ਕੁ ਕੌਡਾਂ
ਪਿਆਰੇ ਘਰ ਦੀ ਤਲੀ ਧਰਾਂਗੇ
ਵਿਲਕ ਪਵਾਂਗੇ! ਫੁੱਟ ਪਵਾਂਗੇ!
ਦਰਿਆ ਬਣ ਕੇ ਉੱਛਲ ਪਵਾਂਗੇ!
ਟੁੱਟ ਪਵਾਂਗੇ!!

ਤੁਸੀਂ ਕਹੋਗੇ—
ਵਕਤੋਂ ਪਹਿਲਾਂ ਇੰਝ ਸੋਚਣਾ
ਠੀਕ ਨਹੀਂ ਹੈ! ਸੱਚ ਨਹੀਂ ਹੈ!
ਪਰ ਇਹ ਕੋਰਾ ਝੂਠ ਨਹੀਂ ਹੈ!!

ਚਲੋ, ਬਹਿਸ ਵਿਚ ਕੀ ਧਰਿਆ ਹੈ ?
ਉਂਝ ਤੁਸਾਂ ਨੇ ਜਾਂਦੇ ਜਾਂਦੇ
ਪਿਆਰੇ ਪਿੰਡ ਨੂੰ
ਆਪਣਾ ਸੁੱਖ-ਸੁਨੇਹਾ ਦੇਣਾ
ਫ਼ਿਕਰ ਕਰੇ ਨਾ
ਮੁੜ ਆਵਾਂਗੇ।

ਮੁੜ ਆਵਾਂਗੇ
ਲਹੂ ਵੇਚ ਕੇ!
ਚਾਂਦੀ ਲੈ ਕੇ!
ਬੁੱਢੇ-ਵਾਰੇ ਡਿੱਗਦੇ-ਢਹਿੰਦੇ
ਅੰਨ-ਜਲ ਹੋਇਆ!!



*



## ਮਿੱਟੀ ਦੇ ਮੋਰ

*

ਅਸਮਾਨ ਲਗਪਗ ਸਾਫ਼ ਹੈ
ਕੋਈ ਵਿਉਂਤ-ਵਿਧੀ ਸੋਚੀ ਜਾ ਸਕਦੀ ਹੈ
ਕੋਈ ਸਿਆਸੀ ਫ਼ਾਲ-ਪੱਚਰ ਵੀ
ਭਾਲੀ ਟੋਲੀ ਜਾ ਸਕਦੀ ਹੈ
ਬਸ, ਮਨ ਨੂੰ
ਇਕ ਮੋੜਾ ਦੇਣ ਦੀ ਲੋੜ ਹੈ
ਜਹਾਜ਼ ਦਿੱਲੀ ਦੀ ਪੱਟੀ 'ਤੇ
ਸੌਖਾ ਹੀ ਉੱਤਰ ਸਕਦਾ ਹੈ
ਕੋਈ ਰਾਜਸੀ-ਮਿੱਤਰ ਬਾਂਹ ਵਿਚ ਬਾਂਹ ਪਾ ਕੇ
ਪਿੰਡ ਤਕ ਵੀ ਲਿਜਾ ਸਕਦਾ ਹੈ।

ਪਰ ਹੁਣ ਪੈਰਾਂ ਵਿਚ, ਚਿੱਤ ਵਿਚ
ਉਹ ਲਰਜ਼ਿਸ਼, ਉਹ ਜੁੰਬਸ਼,
ਉਹ ਤਮੰਨਾ, ਉਹ ਖ਼ਾਹਿਸ਼
ਉਹ ਚਾਅ ਜਿਹਾ ਨਹੀਂ ਰਿਹਾ ਕਿ
ਪਿੰਡ ਮੁੜ ਚੱਲੀਏ।



ਹੁਣ ਜੇ ਚਲੇ ਵੀ ਗਏ
ਤਾਂ ਨਾ ਤਾਂ ਮਾਂ ਨੇ
ਮੋਟਰ ਦੀ ਗੂੰਜ ਸੁਣ ਕੇ
ਭੱਜੀ ਭੱਜੀ ਆਉਣਾ ਹੈ
ਤੇ ਆਪਣੀ
ਘਣ-ਪਿਆਰੀ ਛਾਤੀ ਨਾਲ ਲਾਉਣਾ ਹੈ
ਤੇ ਨਾ ਹੀ ਕਾਹਲੀ ਕਾਹਲੀ

ਕਾਰ ਦੁਆਲੇ
ਖ਼ਬਰਦਾਰ ਜਿਹਾ ਫਿਰਦਾ ਬਾਪੂ ਇਹ ਪੁੱਛੇਗਾ—
'ਕੋਈ ਨਗ਼ ਪਿੱਛੇ ਤਾਂ ਨਹੀਂ ਛੱਡ ਆਇਆ ?'

ਜਦ ਘਰ ਦੇ ਬਨੇਰੇ ਤੋਂ
ਉਹ ਸੁੰਦਰ ਮਾਂ-ਪਿਓ
ਮੋਰ-ਮੋਰਨੀ ਹੀ ਉੱਡ ਗਏ ਹਨ
ਤਾਂ ਉਹਨਾਂ ਦੀ ਰੌਣਕ-ਰੰਗੀਨੀ ਤੇ ਹਾਜ਼ਰੀ-ਵਿਹੂਣਾ
ਘਰ—ਕੀ ਘਰ ਹੋਵੇਗਾ ?
ਇਹ ਮਹਿਜ਼ ਇੱਟਾਂ ਦੀ
ਇਕ ਇਮਾਰਤ ਹੀ ਹੋਵੇਗਾ ਨਾ!
ਭਰਾਵਾਂ ਇਸ 'ਚ ਜਾਲੀਦਾਰ
ਦਰਵਾਜ਼ੇ ਲੁਆ ਦਿੱਤੇ ਹੋਣਗੇ
ਵੱਧ ਤੋਂ ਵੱਧ
ਇਸਨੂੰ ਆਧੁਨਿਕ ਸਹੂਲਤਾਂ ਨਾਲ
ਸ਼ਿੰਗਾਰ ਦਿੱਤਾ ਹੋਵੇਗਾ!

ਪਰ ਘਰ ਕੀ
ਇਹਨਾਂ ਗੱਲਾਂ ਨਾਲ ਬਣਦੇ ਹਨ ?
ਹਾਂ, ਦਿਸਣ ਨੂੰ
ਉੱਤੋਂ ਉੱਤੋਂ ਤਾਂ ਬਣਦੇ ਹਨ
ਪਰ ਅਸਲ ਘਰ ਤਾਂ
ਜਿਊਂਦੇ ਮਾਪਿਆਂ ਨਾਲ ਹੀ ਬਣਦੇ ਹਨ
ਘਰ ਮਾਪਿਆਂ ਨਾਲ
ਬਹੁਕਰਾਂ ਵਾਂਗ ਬੱਝੇ ਰਹਿੰਦੇ ਹਨ
ਤੇ ਉਹਨਾਂ ਦੇ ਤੁਰਨ ਮਗਰੋਂ
ਕਈ ਵੇਰ ਤੀਲ੍ਹਿਆਂ ਵਾਂਗ ਖਿੱਲਰ ਜਾਂਦੇ ਹਨ!!



ਹੁਣ ਜਦ ਘਰ-ਬਨੇਰਿਓਂ
ਸੋਹਣੇ ਮੋਰ-ਮੋਰਨੀ ਉਡਾਰੀ ਮਾਰ ਗਏ ਹਨ
ਤਾਂ ਪਿੰਡ ਪਰਤਣ ਨੂੰ ਜੀਅ ਜਿਹਾ ਹੀ ਨਹੀਂ ਕਰਦਾ
ਉਹਨਾਂ ਦੇ ਉੱਡ ਜਾਣ ਉਪਰੰਤ ਹੁਣ ਪਿੰਡ ਪਰਤਣਾ
ਨਿਰਾਰਥਕ ਜਿਹਾ ਲੱਗਦਾ ਹੈ।

ਹੁਣ ਜੇ ਚਲੇ ਵੀ ਜਾਈਏ
ਪਿੰਡ ਵਿਚ ਬਹੁਤ ਕੁਝ
ਰਹਿ ਵੀ ਨਹੀਂ ਗਿਆ ਹੋਣਾ
ਜਮਾਲੇ ਦੇ ਕੁੱਤੇ!
ਬਿੰਦਰੇ ਦੇ ਕਬੂਤਰ!!
ਤੇ ਬੂਟੇ ਦੇ ਸ਼ਿਕਾਰੀ!!!
ਸਭ ਮਰ ਗਏ ਹੋਣਗੇ।

ਬੇਬੇ, ਬਾਪੂ ਦੇ ਸਿਵੇ ਕਿੱਥੇ ਕਿੱਥੇ ਹਨ ?
ਜਦ ਕਿਸੇ ਨੂੰ ਪੁੱਛਾਂਗੇ
ਤਾਂ ਇਕ ਅਜੀਬ
ਸੰਗ-ਸ਼ਰਮ ਜਿਹੀ ਆਵੇਗੀ।

ਦਿਲ ਕਦੇ ਕਦੇ
ਸਮੁੰਦਰ ਵਾਂਗ ਉੱਛਲਦਾ ਹੈ
ਉੱਛਲ ਉੱਛਲ ਕੇ ਭਰਦਾ ਹੈ—
ਭਰ ਭਰ ਕੇ ਉੱਤਰਦਾ ਹੈ
ਅਸਮਾਨ ਵੀ ਹੁਣ ਤਾਂ ਸਮਝੋ
ਲਗਪਗ ਸਾਫ਼ ਹੀ ਹੈ
ਕੋਈ ਵਿਉਂਤ-ਵਿਧੀ ਵੀ
ਸੋਚੀ ਜਾ ਸਕਦੀ ਹੈ

ਜਹਾਜ਼ ਦਿੱਲੀ ਦੀ ਪੱਟੀ 'ਤੇ
ਸੌਖਾ ਉੱਤਰ ਸਕਦਾ ਹੈ
ਪਰ ਹੁਣ—
ਜਾਣ ਨੂੰ ਮਨ ਜਿਹਾ ਹੀ ਨਹੀਂ ਮੰਨਦਾ
ਕਿਉਂਕਿ ਉਹ ਪਿਆਰੇ ਮੋਰ ਤੇ ਮੋਰਨੀ
ਘਰ ਦੇ ਬਨੇਰੇ ਤੋਂ
ਉਡਾਰੀ ਮਾਰ ਗਏ ਹਨ।

*



## ਪਰਦੇਸੀ

*

ਡਗਮਗਾਂਦੇ ਸੂਰਜ ਜਦ ਬਿਸਤਰ ਵਿਚ ਅਸਤੇ
ਨਾ ਰਾਤ ਦੇ ਬੁੱਲ੍ਹਾਂ 'ਤੇ ਕੋਈ ਸ਼ਿਕਵਾ ਸੀ
ਨਾ ਦਿਹੁੰ ਨੂੰ ਕੋਈ ਇੰਤਜ਼ਾਰ।

ਉੱਠੇ ਤਾਂ ਕੰਮ ਅਸਮਾਨ ਵਾਂਗ ਸੀ
ਜਿਸ 'ਚੋਂ ਉਹ ਵਿਮਾਨ ਵਾਂਗ ਗੁਜ਼ਰਦੇ
ਬੁੱਢੇ ਮਾਂ-ਬਾਪ ਦੀ ਬਲਦੀ ਚਿਖ਼ਾ ਨੂੰ ਚਿਤਵਦੇ
ਮਨ ਹੀ ਮਨ 'ਚ ਬੱਚਿਆਂ ਨਾਲ ਹੱਸਦੇ ਰਹੇ।

ਸ਼ਾਮੀਂ ਪਰਤੇ ਤਾਂ
ਨਾ ਮਹਿਬੂਬ ਪਤਨੀ ਦੀ
ਮੁਸਕਾਨ ਨੇ ਸਵਾਗਤ ਕੀਤਾ
ਨਾ ਬਾਹਾਂ ਨੇ ਪਿਆਰ।

ਇਹ ਕਮਰਾ ਸੀ ਜਾਂ ਸੋਨੇ ਹਾਰ
ਚਮਕਦਾ ਰੇਗਿਸਤਾਨ
ਉਹ ਦਸਤਕ ਦੇ ਕੇ ਬਹੁਤ ਦੇਰ ਸੋਚਦੇ ਰਹੇ।

ਡੂੰਘੀ ਸ਼ਾਮ ਉਹ ਜਾਮ ਬਣ ਭਰੇ
ਤਿਲਮਿਲਾ ਕੇ ਛਲਕ ਤਿੜਕੇ
ਤੇ ਮੇਜ਼ 'ਤੇ ਛਮਾ ਛਮ ਬਰਸ ਪਏ
ਤੇ ਫਿਰ ਗਈ ਰਾਤ ਤਕ
ਹਜ਼ਾਰਾਂ ਮੀਲ ਦੂਰ ਬੈਠੇ
ਗ਼ੈਰ-ਹਾਜ਼ਰ ਦੋਸਤਾਂ ਨਾਲ ਗੱਲਾਂ ਕਰਦੇ ਰਹੇ
ਦੋਸਤ—ਜੁ ਉਹਨਾਂ ਨੂੰ ਦਾਗ਼ ਦੇ ਕੇ, ਡੱਕੇ ਤੋੜ ਕੇ
ਕਦੋਂ ਦੇ ਘਰੀਂ ਪਰਤ ਗਏ ਸਨ!

ਸੱਖਣੀ ਮਹਿਫ਼ਲ 'ਚੋਂ ਉੱਠ ਕੇ
ਉਹ ਬਹੁਤ ਟਹਿਲੇ
ਨਾ ਪੈਰਾਂ ਨੂੰ ਚੈਨ ਸੀ
ਨਾ ਜ਼ਿਹਨ ਨੂੰ ਆਰਾਮ।

ਫਿਰ ਬੇਚੈਨ ਰਾਤ ਵਿਚ
ਉਹ ਖ਼ਤ ਬਣ ਬਣ ਖਿੱਲਰਦੇ ਗਏ
ਜਿਹਨਾਂ ਨੂੰ ਪੜ੍ਹ ਕੇ ਦੋਸਤ ਉਹਨਾਂ 'ਤੇ ਰਸ਼ਕ ਕਰਨਗੇ
ਉਹ—ਜੁ ਡਾਲਰਾਂ ਦੀ ਦੀਵਾਰ ਵਿਚ ਚਿਣੇ ਗਏ ਹਨ
ਉਹ—ਜਿਹਨਾਂ ਨੂੰ ਹਵਾਈ ਅੱਡੇ 'ਤੇ ਦਾਗ਼ ਦੇ ਕੇ
ਦੋਸਤ ਕਦੋਂ ਦੇ ਘਰੀਂ ਪਰਤ ਗਏ ਸਨ
ਉਹ—ਜਿਹਨਾਂ ਦਾ ਨਾਂ ਹੌਲੀ ਹੌਲੀ
ਪਿੰਡ ਦੀ ਇਬਾਰਤ 'ਚੋਂ
ਗ਼ੈਰ-ਹਾਜ਼ਰ ਹੋ ਜਾਣਾ ਸੀ!

*





## ਅਗਨ-ਭੁਲੇਖਾ

*

ਆ ਮੇਰਿਆ ਫੁੱਲ ਵਰਗਿਆ ਯਾਰਾ!
ਸ਼ਾਮ ਢਲੀ ਹੈ
ਇਕ ਗੱਲ ਕਰੀਏ।

ਗੱਲ—ਜੁ ਚੰਦਰੀ ਮੇਰੀ ਵੀ ਹੈ
ਗੱਲ—ਜੁ ਚੰਦਰੀ ਤੇਰੀ ਵੀ ਹੈ
ਗੱਲ—ਜੁ ਕਿੰਨੇ ਬੰਦਿਆਂ ਦੀ ਹੈ
ਜੋ ਪੰਛੀ ਦੀ ਜੂਨ ਹੰਢਾਉਂਦੇ
ਝੱਖੜ ਵਿਚ ਗੁਆਚ ਗਏ ਹਨ
ਮਾਰੂਥਲ ਵਿਚ ਭਟਕ ਰਹੇ ਹਨ
ਫੜਕ ਰਹੇ ਹਨ!

ਅਸੀਂ ਤਾਂ ਯਾਰਾ—
ਬਸ ਨਿਕਰਮੇ ਉਹ ਪੰਛੀ ਹਾਂ
ਇਕ ਸਵੇਰੇ ਮੂੰਹ-ਹਨੇਰੇ ਜੋ ਜਾਗੇ ਸਾਂ
ਨਾਲ ਜਿਨ੍ਹਾਂ ਦੇ ਜਾਗ ਪਈ ਸੀ
ਤ੍ਰਿਸ਼ਨਾ ਦੀ ਇਕ ਉਹ ਚੰਗਿਆੜੀ
ਜਿਸ ਨੇ ਸਾਨੂੰ ਰਾਖ਼ ਬਣਾ ਕੇ ਹੀ ਬੁਝਣਾ ਸੀ।

ਕੇਹੇ ਚੰਦਰੇ ਪਲ ਸਨ ਯਾਰਾ!
ਜਦੋਂ ਬੋਟ ਸਨ ਨੀਂਦ ਗੁਆਚੇ
ਉਹਨਾਂ ਦੇ ਮਿੱਠੇ ਮੂੰਹ ਚੁੰਮ ਕੇ
ਆਲ੍ਹਣਿਆਂ 'ਚੋਂ ਤ੍ਰਿੱਡ ਆਏ ਸਾਂ!
ਬਸ ਓਦੋਂ ਤੋਂ ਅਸੀਂ ਸਰਾਪੇ ਉੱਡਦੇ ਜਾਈਏ
ਪਲ ਪਲ ਹਫੀਏ ਮੁੱਕਦੇ ਜਾਈਏ

ਆਪਣੀਆਂ ਆਹਾਂ ਵਿਚ ਸਾਡੀ
ਆਪਣੀ ਹੀ ਤਸਵੀਰ ਧੁਆਂਖੀ, ਗੁੰਮ ਗਈ ਹੈ।

ਆਪਣੇ ਰੁੱਖ ਦੀ ਛਾਂ ਤੋਂ ਪਾਸੇ
ਚਾਰ-ਚੁਫ਼ੇਰੇ ਨੰਗਾ ਲੰਬਾ ਮਾਰੂਥਲ ਹੈ
ਜਿਸ 'ਤੇ ਨਿਸਦਿਨ ਹੁਣ ਉੱਡਣਾ ਹੈ
ਉੱਡਦੇ ਉੱਡਦੇ ਡਿੱਗ ਪੈਣਾ ਹੈ
ਇਉਂ ਹੀ ਇਕ ਪਲ ਮੁੱਕ ਜਾਣਾ ਹੈ।

ਆਲ੍ਹਣਿਆਂ ਵਿਚ ਬੋਟ ਉਡੀਕਣ
ਬੁੱਢੇ ਮਾਂ-ਪਿਓ ਬ੍ਰਿਹੋ ਤੜਪਣ
ਆਪਣੇ ਰੁੱਖ ਦੇ ਪੱਤੇ ਨੱਚਣ
ਸਾਡੀ ਗਾਥਾ ਉੱਤੇ ਯਾਰਾ
ਮਾਰੂਥਲ ਦੇ ਕਿਣਕੇ ਹੱਸਣ।

ਹੁਣ ਤਾਂ ਯਾਰਾ ਰੋਜ਼ ਸੋਚੀਏ
ਸੋਚ ਸੋਚ ਕੇ ਪਲ ਪਲ ਧੁਖੀਏ
ਆਪਣੇ ਮਿੱਠੇ ਰੁੱਖ ਨੂੰ ਛੱਡ ਕੇ
ਉੱਡ-ਪੁੱਡ ਆਉਣਾ
ਕਿੰਨੀ ਵੱਡੀ ਇਕ ਗ਼ਲਤੀ ਸੀ
ਲਟ ਲਟ ਬਲਦੇ ਸੁਪਨੇ ਵਰਗਾ
ਸੀ ਰੰਗਾਂ ਦਾ ਅਗਨ-ਭੁਲੇਖਾ
ਜਿਸ ਨੇ ਸਾਨੂੰ ਰਾਖ਼ ਬਣਾ ਕੇ ਧਰ ਜਾਣਾ ਸੀ।
ਆਪਣੇ ਮਿੱਠੇ ਆਲ੍ਹਣਿਆਂ ਨੂੰ
ਪਲ ਪਲ ਆਪਾਂ ਚੇਤੇ ਕਰਦੇ
ਮਾਰੂਥਲ ਵਿਚ ਮਰ ਜਾਣਾ ਸੀ
ਆਪ ਸਹੇੜੇ ਇਸ ਦੁੱਖੜੇ ਨੂੰ



ਇਉਂ ਵੀ ਯਾਰਾ ਜਰ ਜਾਣਾ ਸੀ।

ਆ ਮੇਰਿਆ ਫੁੱਲ ਵਰਗਿਆ ਯਾਰਾ!
ਸ਼ਾਮ ਢਲੀ ਹੈ
ਇਕ ਗੱਲ ਕਰੀਏ।
ਗੱਲ—ਜੁ ਚੰਦਰੀ ਤੇਰੀ ਵੀ ਹੈ
ਗੱਲ—ਜੁ ਚੰਦਰੀ ਮੇਰੀ ਵੀ ਹੈ
ਗੱਲ—ਜੁ ਕਿੰਨੇ ਬੰਦਿਆਂ ਦੀ ਹੈ
ਜੋ ਪੰਛੀ ਦੀ ਜੂਨ ਹੰਢਾਉਂਦੇ
ਝੱਖੜ ਵਿਚ ਗੁਆਚ ਗਏ ਹਨ
ਮਾਰੂਥਲ ਵਿਚ ਭਟਕ ਰਹੇ ਹਨ!
ਫੜਕ ਰਹੇ ਹਨ!!

*



## ਘਰ

*

ਆਪਣਾ ਵੀ ਇਕ ਘਰ ਹੁੰਦਾ ਸੀ!
ਕਿਸੇ ਸ਼ਾਮ ਨੂੰ ਥੱਕੇ ਹਾਰੇ ਜਦੋਂ ਪਰਤਦੇ
ਗਲਵੱਕੜੀ ਵਿਚ ਲੈ ਲੈਂਦਾ ਸੀ!!

ਘਰ ਦੀ ਰੰਗਲੀ ਛੱਤ ਦੀ ਛਾਂਵੇਂ
ਨਾ ਕੋਈ ਗਰਮੀ, ਗਰਮੀ ਹੀ ਸੀ
ਨਾ ਕੋਈ ਸਰਦੀ, ਸਰਦੀ ਹੀ ਸੀ
ਕਿਹੜਾ ਕਹਿਰੀ-ਮੌਸਮ ਸਾਨੂੰ ਪੋਹ ਸਕਦਾ ਸੀ ?
ਹੋਂਠਾਂ ਉੱਤੇ ਸਦਾ ਲਹਿਰਦੀ
ਇਕ ਮਿੱਠੀ-ਮੁਸਕਾਨ ਜਿਹੀ ਨੂੰ
ਕਿਹੜਾ ਚੰਦਰਾ ਪਲ ਸੀ, ਜਿਹੜਾ ਕੋਹ ਸਕਦਾ ਸੀ ?

ਘਰ ਦੀਆਂ ਨਿੱਕੀਆਂ ਕੰਧਾਂ ਦੀ ਹੀ ਓਟ ਬੜੀ ਸੀ
ਢਾਰਸ ਦਾ ਅਹਿਸਾਸ ਜਿਹਾ ਸੀ
ਜੀਅ ਲੱਗਦਾ ਸੀ।

ਘਰ ਦੇ ਇਕ ਮਿੱਟੀ ਦੇ ਦੀਵੇ ਦਾ ਚਾਨਣ ਹੀ
ਮਹਾਂ-ਨਗਰ ਦੀਆਂ ਕੁਲ ਰੌਸ਼ਨੀਆਂ ਤੋਂ
ਸੁੱਚਾ ਸੁੱਚਾ ਤੇ ਚਿੱਟਾ ਸੀ।

ਹੁਣ ਤਾਂ ਚਾਨਣੀ ਰਾਤ ਵਿਚ ਵੀ ਡਰ ਲੱਗਦਾ ਹੈ
ਮਨ ਭਰਦਾ ਹੈ।

ਹੁਣ ਹਰ ਰਾਤ ਖ਼ੁਦਕੁਸ਼ੀ ਕਰਕੇ
ਅਪਣਾ ਆਪ ਸਵਾ ਲੈਂਦੇ ਹਾਂ
ਕਦੇ ਕਦੇ ਮਨ ਰੋ ਪੈਂਦਾ ਹੈ




ਇਸ ਨੂੰ ਫੇਰ ਵਰਾ ਲੈਂਦੇ ਹਾਂ।

ਹੁਣ ਤਾਂ ਰੋਜ਼ ਉਦਾਸੇ ਸੱਖਣੇ
ਇਉਂ ਪਰਦੇਸੀ ਸੜਕਾਂ ਉੱਤੇ ਤੁਰਦੇ ਜਾਈਏ
ਪੱਤਝੜੀ ਪੱਤਝੜੀ ਕਿਰਦੇ ਜਾਈਏ
ਇਕ ਅਵਾਰਾ ਅਉਧ ਹੰਢਾਈਏ

ਆਪਣਾ ਵੀ ਇਕ ਘਰ ਹੁੰਦਾ ਸੀ...

*



## ਖੇਸ ਦੀ ਬੁੱਕਲ

*

ਮਹਾਂਨਗਰ ਵਿਚ ਵਸਦਿਆ ਯਾਰਾ !
ਪਰਦੇਸਾਂ ਦੇ ਰੰਗ ਮਾਣਦਿਆ
ਤਾਰਾ ਬਣ ਕੇ ਟਿਮ ਟਿਮ ਕਰਦਿਆ
ਫੁੱਲ ਬਣ ਬਣ ਕੇ ਹੱਸਦਿਆ ਯਾਰਾ !!

ਆ ਰੰਗਾਂ ਦੀ ਮਟਕੀ ਭੰਨੀਏਂ
ਇਹ ਰੇਤਾ 'ਤੇ ਡੋਲ੍ਹ ਵਗਾਈਏ
ਇਹ ਰੂਹ ਪੱਛੀ ਜ਼ਖ਼ਮਾਂ ਤੱਛੀ
ਆ ਇਸ ਤੋਂ ਅੱਜ ਪੱਲੂ ਲਾਹੀਏ !!!
ਧਰਤੀ ਉੱਤੇ ਡਿੱਗਣੋਂ ਪਹਿਲਾਂ
ਦਿਲ ਦੀ ਗੱਲ-ਗਲੋੜੀ ਕਹਿ ਕੇ
ਆਪਾਂ ਹੌਲੇ ਫੁੱਲ ਹੋ ਜਾਈਏ
ਫੇਰ ਭਲਾ ਭਲਕੇ ਮਰ ਜਾਈਏ !

ਮਨਾਂ ਮੇਰਿਆ
ਖ਼ਾਰੇ ਸੱਤ ਸਮੁੰਦਰ ਲੰਘ ਕੇ
ਆਪਾਂ ਆਪਣੇ ਪਿੰਡ ਮੁੜ ਚੱਲੀਏ
ਆ ਖੇਸ ਦੀ ਬੁੱਕਲ ਮਾਰੀਏ
ਫਿਰ ਭੱਠੀ 'ਤੇ ਜਾ ਕੇ ਬਹੀਏ
ਆ ਬੀਤੇ ਦੀ ਸੁਆਹ ਫੋਲੀਏ
ਅੱਖਾਂ ਨਾਲ ਫਲੂਹੇ ਚੁਗੀਏ
ਤੇ ਮਿੱਤਰਾਂ ਦਾ ਸੰਗ ਮਾਣਦੇ
ਗਈ ਰਾਤ ਤਕ ਗੱਲਾਂ ਕਰਦੇ
ਆਪਣੇ ਪਿੰਡ ਦਾ ਦੁੱਖ-ਸੁੱਖ ਕਰੀਏ



ਆਪਣੇ ਮਨ ਦੀ ਵੇਦਨ ਕਹੀਏ !

ਮਨਾਂ ਮੇਰਿਆ
ਪਿੰਡ ਸੀ ਆਪਣਾ
ਹਾਏ ਆਪਣਾ ਪਿੰਡ !
ਇਹ ਤਾਂ ਸੀ ਕੋਈ ਮੱਕਾ ਕਾਅਬਾ
ਇਹ ਤਾਂ ਕੋਈ ਅੰਮ੍ਰਿਤਸਰ ਸੀ
ਕਈ ਜਨਮਾਂ ਦੀ ਟਹਿਲੋਂ ਤਰੁੱਠ ਕੇ
ਪਹੁੰਚੇ ਹੋਏ ਕਿਸੇ ਰਿਸ਼ੀ ਨੇ
ਖ਼ੁਸ਼ੀ ਨਾਲ ਕੋਈ ਦਿੱਤਾ ਵਰ ਸੀ
ਮੰਦਰਾਂ, ਮਸੀਤਾਂ, ਗੁਰੂਦੁਆਰੇ
ਧਰਮਸ਼ਾਲਾਵਾਂ ਇਸਦੇ ਡੇਰੇ।
ਪਰ੍ਹੇ, ਸੱਥਾਂ ਤੇ ਰੌੜਾਂ ਝਿੜੀਆਂ
ਸੰਦਲੀ ਸ਼ਾਮਾਂ ਸੁਰਖ਼ ਸਵੇਰੇ।
ਗੁੰਬਦ ਕਲਸ ਮਮਟੀਆਂ ਇਸ ਦੇ
ਝੂਲ ਫ਼ਹਿਰਦੇ ਹਾਏ ਨਿਸ਼ਾਨ।
ਖੂਹ ਟੋਭੇ ਤੇ ਛੰਭ ਛਪੜੀਆਂ
ਰੋਹੀਆਂ ਟਿੱਬੇ ਖੇਤ ਮੈਦਾਨ !!

ਹਾਏ ! ਪਿੰਡ ਦੇ ਉਹ ਦਿਲ-ਦਰਵਾਜ਼ੇ
ਵੱਡੇ ਖੁੱਲ੍ਹੇ ਥੰਧੇ ਬੂਹੇ
ਮਹਿਮਾਨਾਂ ਨੂੰ
ਨਿੱਤ ਤਾਂਘਦੇ ਮਿੱਤਰ-ਪਿਆਰੇ।
ਹਾਏ ! ਇਹਨਾਂ ਬੂਹਿਆਂ ਦੇ ਜਿੰਦੇ
ਪਿੰਡ ਦੇ ਰਾਖੇ ਡਾਢੇ ਭਾਰੇ
ਭਰੇ-ਭਰੂੰਨੇ ਘਰ ਛੱਡ ਮਾਲਕ



ਤੁਰ ਫਿਰ ਆਉਂਦੇ ਜਿਹਨਾਂ ਸਹਾਰੇ।

ਹਾਏ! ਉਹ ਖੁੰਢ ਤੇ ਚੌਂਕੜੀਆਂ ਉਹ
ਜਿਥੇ ਸ਼ਾਮੀਂ ਆਣ ਉੱਤਰਦੇ
ਰੌਣਕ ਮਸਤੀ ਮੌਜ ਬਹਾਰਾਂ
ਤਾਸ਼ ਕੁਟੀਂਦੀ ਨਹਿਲੇ-ਦਹਿਲੇ
ਨੋਕ-ਝੋਕ ਤੇ ਹਾਸੇ-ਠੱਠੇ
ਮਸ਼ਕਰੀਆਂ ਮਸ਼ਗੂਲੇ ਜਿਥੇ
ਬਹਿਸ-ਮੁਬਾਹਿਸੇ ਸਿੰਗ-ਫਸਾਈਆਂ
ਨਿੱਕੀ ਗੱਲ ਦੇ ਬਾਤ-ਬਤੰਗੜ
ਬਣਦੀਆਂ ਸਨ ਖੰਭਾਂ ਦੀਆਂ ਡਾਰਾਂ
ਜਣੇ ਖਣੇ ਦੇ ਫੋਲ ਪੋਤੜੇ
ਪੁਣਨੇ ਮਰਦ, ਨਿਰਖਣੀਆਂ ਨਾਰਾਂ
ਕੀ ਕੀ ਗੁੱਝਾ ਪਿੰਡ ਵਿਚ ਚੱਲਦਾ
ਕਿਹੜੀ ਅੱਗ ਹੈ ਕਿਥੇ ਬਲਦੀ
ਇਸ ਦਾ ਧੂੰਆਂ ਕਿਥੇ ਨਿਕਲਦਾ
ਨਿੱਕੀ ਨਿੱਕੀ ਖ਼ਬਰ ਸੀ ਦਿੰਦੀਆਂ
ਹਾਏ! ਸੱਥਾਂ ਪਿੰਡ ਦੀਆਂ ਅਖ਼ਬਾਰਾਂ।

ਹਾਏ! ਮਸ਼ੀਨਾਂ ਦੇ ਉਹ ਘੁੱਗੂ
ਠੱਕ ਠੱਕ ਕਰਦੇ
ਖੂਹਾਂ ਦੇ ਉਹ ਕੁੱਤੇ
ਰਾਤੀਂ ਟੱਕ ਟੱਕ ਕਰਦੇ।
ਲਗਾਤਾਰ ਤੇ ਸ਼ਰ੍ਹੇਆਮ ਉਹ
ਰਾਤੀਂ ਤੇ ਪ੍ਰਭਾਤੀਂ ਯਾਰਾ
ਜ਼ਿੰਦਗੀ ਦੀ ਸਨ ਹਾਮੀ ਭਰਦੇ।



ਪਿੰਡ ਦਾ ਦਿਲ ਬਣ ਕਿਵੇਂ ਧੜਕਦੇ
ਪਿੰਡ ਦੇ ਹੋਂਠੀਂ ਰੌਣਕ ਧਰਦੇ।
ਘਮ ਘਮ ਵਗਦੇ ਪਿੰਡ ਦੇ ਖੂਹ ਉਹ
ਤੇ ਚਲ੍ਹਿਆਂ ਵਿਚ ਨੱਚਦੇ ਪਾਣੀ
ਕਿਹੜੇ ਮੁੱਲੋਂ ਨਾ ਉਹ ਮਹਿੰਗੇ
ਸਕੇ ਭਰਾ ਅੰਮ੍ਰਿਤ ਦੇ ਹਾਣੀ।

ਮਨਾਂ ਮੇਰਿਆ!
ਪਿੰਡ ਦੇ ਰੁੱਖ ਸਨ
ਉਹ ਤਾਂ ਜੀਕੂੰ ਸਕੇ ਭਰਾ ਸਨ
ਉਹਨਾਂ ਨੂੰ ਲੱਕੜ ਦੇ ਕਹੀਏ ?
ਉਹ ਤਾਂ ਜਿਊਂਦੇ ਅਤੇ ਜਾਗਦੇ
ਕਿਵੇਂ ਝੂਮਦੇ
ਕੋਈ ਦੇਵਤੇ ਨਿਰੇ ਖ਼ੁਦਾ ਸਨ।

ਹਾਏ! ਉਹ ਪਿਆਰੇ
ਮਹਾਂ ਲੰਗਰ ਜਿਹੇ ਚੁੱਲ੍ਹੇ-ਹਾਰੇ
ਅੰਨ-ਜਲ ਸਾਡੇ ਮੂੰਹ ਵਿਚ ਪਾਉਂਦੇ
ਕਿਵੇਂ ਰਜਾਉਂਦੇ! ਜੀਅ ਲਵਾਉਂਦੇ!!

ਉਹ ਕੰਧੋਲੀਆਂ ਕੰਧਾਂ ਕੋਠੇ
ਲਿੱਪੇ ਪੋਚੇ ਪਾਕ-ਪਵਿੱਤਰ
ਸੈਅ ਪੱਕਿਆਂ ਤੋਂ ਸਾਨੂੰ ਪਿਆਰੇ
ਉਹ ਸਾਡੇ ਸੋਨੇ ਦੇ ਧੌਲਰ
ਉਹ ਸਨ ਸਾਡੇ ਮਹਿਲ ਮੁਨਾਰੇ!

ਤਵੇ ਪਰਾਤਾਂ ਸੂਰਜ-ਛੰਨੇ
ਕਰਮਾਂ ਵਾਲੀਆਂ ਥਾਲੀਆਂ



ਦੁੱਧ ਕਟੋਰੇ ਚੰਨ ਦੇ ਹਾਣੀ
ਕੰਗਣੀ ਵਾਲੇ ਗਿਲਾਸ ਉਹ ਵੱਡੇ
ਕਦ ਦੇ ਨਿੱਖੜੇ ਕਦੇ ਨਾ ਟੱਕਰੇ।
ਨਾ ਮਿਲੀਆਂ ਉਹ ਕੌਲੀਆਂ ਫੁੱਲਾਂ ਵਾਲੀਆਂ!
ਤੇ ਉਹ ਕੂੰਡੇ
ਉਹ ਘੋਟਣੇ ਕਿਸੇ ਨਿਹੰਗ ਦੀ ਪਿੰਜਣੀ ਵਰਗੇ
ਜੁ ਚੌਂਕੇ ਵਿਚ ਚੰਗਾ ਖੜਕਾ-ਦੜਕਾ ਕਰਦਾ
ਜਿਓਂ ਕੋਈ ਸਿੰਘ ਜ਼ਾਲਮ ਸਿਰ ਚਿੱਪੇ
ਗੰਢਿਆਂ ਦੇ ਸਿਰ ਪੈਣ ਵਦਾਣੀਂ
ਮਹਿਕ ਮਸਾਲੇ ਦੀ ਸੰਗ ਸਗਲੇ
ਚੌਂਕੇ ਵਿਹੜੇ ਘਰ ਨੂੰ ਭਰਦੇ।

ਖਚਰੇ ਖਚਰੇ ਉਹ ਖੁਰਚਣੇ
ਜੋ ਮੱਕੀ ਦੀ ਨਟਖਟ ਰੋਟੀ
ਤੱਤੀ-ਤੱਤੀ, ਅੱਥਰੀ-ਅੱਥਰੀ
ਨਾਰ ਕਿਸੇ ਨਖਰੇਲੋ ਵਰਗੀ
ਝਟਪਟ ਤਵਿਓਂ ਲਾਹ-ਪੱਟ ਲੈਂਦੇ
ਜਾਂ ਕਿਸੇ ਛੈਲ-ਛੱਲੀ ਨੂੰ ਡੂੰਗ ਕੇ
ਚੁੱਲ੍ਹੇ ਤੱਤੀ ਭੁੱਬਲ ਵੜਦੇ
ਕਿੰਵ ਗਰਮਾਉਂਦੇ
ਖ਼ੂਬ ਹਸਾਉਂਦੇ! ਅਤੇ ਖਿੜਾਉਂਦੇ!!


ਮਨਾ ਮੇਰਿਆ!
ਉਹ ਗਹੀਰੇ ਉਹ ਮੁਹਾਰੇ ਤੇ ਮੰਡਲੀਆਂ
ਦਾਤੀਆਂ, ਰੰਬੇ, ਹਲ, ਸੁਹਾਗੇ
ਰਹੀਆਂ ਦੂਰ ਪੰਜਾਲੀਆਂ



ਨਿੱਕੇ ਮੇਮਣੇ ਭੋਲੇ-ਲੇਲੇ
ਕਿੱਲੀਂ ਰੰਭਦੇ ਕਟਰੂ-ਵਛਰੂ
ਬੂਰੀਆਂ ਮਹੀਆਂ, ਸੋਹਣੀਆਂ ਗਾਵਾਂ
ਚੁਸਤ-ਵਹਿੜਕੇ
ਕਿਹੜੀ ਜੂਹ ਵੱਲ ਨਿਕਲ ਆਏ ਹਾਂ
ਛੱਡ ਕੇ ਆਪਣੀ ਜੂਹ ਤੇ ਉਹ ਹਰਨਾਲੀਆਂ!

ਹਾਏ! ਉਹ ਪਿੰਡ ਦੀਆਂ
ਸਾਦਾ ਸਾਊ ਸਾਧਾਰਨ ਚਿੱੜੀਆਂ
ਤੇ ਉਹ ਗੋਲੇ ਗੁਟ੍ਹਕਣ ਵਾਲੇ ਆਲੇ-ਭੋਲੇ
ਪਰੀਂ ਜਿਹਨਾਂ ਦੇ ਨੀਲੀਆਂ ਨੀਲੀਆਂ
ਧਾਰੀਆਂ ਸਤਿ ਕਰਤਾਰੀਆਂ!
ਤੇ ਉਹ ਬੀਬੀਆਂ-ਬੀਬੀਆਂ ਘੁੱਗੀਆਂ
ਜਿਹਨਾਂ ਦਾ ਭੋਲਾਪਣ ਤੱਕ ਕੇ
ਦਿਲ 'ਚੋਂ ਉੱਠਣ ਪਿਆਰੀਆਂ!!

ਮਨ ਜੀ! ਮੁੜ ਮੁੜ ਚੇਤੇ ਆਵੇ
ਟੱਲੀਆਂ ਵਾਲੇ ਬਲਦਾਂ ਦਾ ਉਹ
ਅੰਮ੍ਰਿਤ ਵੇਲੇ ਖੇਤੀਂ ਜਾਣਾ
ਰੁੱਖੀਂ ਜਾਗੇ ਚਿੜੀ-ਜਨੌਰਾਂ
ਚੂਕ ਚੂਕ ਕੇ ਚਹਿ-ਚਹਾਣਾ।



ਕਦੇ ਕਿਸੇ ਬਿੱਲੀ ਨੇ ਤੜਕੇ
ਪੋਲੇ ਪੈਰੀਂ ਤੇ ਦੜ ਦੜ ਕੇ
ਸੁੱਤ-ਉਨੀਂਦੇ ਕਿਸੇ ਰੁੱਖ 'ਤੇ
ਚੜ੍ਹ ਚੁੜ੍ਹ ਜਾਣਾ।
ਪੰਛੀਆਂ ਦੀ ਉਹ ਹਾਲ ਪਾਹਰਿਆ

ਤੇ ਉਹਨਾਂ ਦਾ ਰੌਲਾ ਪਾਣਾ!

ਹਾਏ! ਉਹ ਸਣ ਕੱਢਦੇ ਬਾਬੇ
ਭੱਜ ਭੱਜ ਮਿੱਟੀ ਢੋਂਦੀਆਂ ਕੁੜੀਆਂ
ਪਿੰਡ ਦੀ ਜੂਹ ਤੇ ਪਿੰਡ ਦੀ ਰੂਹ ਜਹੀਆਂ
ਇਕ ਦੋ ਪਿੰਡ ਦੀਆਂ ਵੇਲਣ ਨਾਰਾਂ
ਸੁੱਚੀਆਂ ਅਤੇ ਸਿਆਣੀਆਂ ਬੁੜ੍ਹੀਆਂ।

ਸਾਉਣ ਭਾਦੋਂ ਦੀਆਂ ਹਾਏ ਉਹ ਕਣੀਆਂ
ਕਿਣ-ਮਿਣ ਕਰ ਜਿਨ ਝੜੀਆਂ ਲਾਉਣਾ
ਅੰਦਰੀਂ ਚੁੱਲ੍ਹੇ ਅੱਗਾਂ ਬਲਣਾ
ਕੰਮ ਕਾਰਾਂ ਤੋਂ ਹੋਣੀ ਛੁੱਟੀ
ਪੂੜਿਆਂ ਲਈ ਭੱਜ ਪੱਤੇ ਲਿਆਉਣੇ
ਉੱਤੋਂ ਤਿੱਪ ਤਿੱਪ ਕੋਠੇ ਚੋਣੇ
ਅੰਦਰੀਂ ਹੇਠ ਕੜਾਹੀਆਂ ਚੜ੍ਹਨਾ।

ਹਾਏ ਚਰ੍ਹੀਆਂ ਦੇ ਖੇਤ ਭਰੇ ਉਹ
ਜਿਥੋਂ ਪੱਤੇ ਵੇਖ ਵੇਖ ਕੇ
ਤੋਰ ਤੋਰ ਗੰਨਿਆਂ ਨੂੰ ਲੱਭਣਾ
ਹੱਕਣੇ ਬਲਦ ਮੁੰਦਣੀਆਂ ਸੀਰਾਂ
ਵਗਣੀਆਂ ਆੜਾਂ ਵੱਟੀਂ ਭੱਜਣਾ।

ਅੰਮ੍ਰਿਤ ਵੇਲੇ ਤ੍ਰੇਲ-ਨਹਾਤੇ
ਲਵੇ-ਲੈਰੇ ਬਰਸੀਮ ਦਾ ਵੱਢਣ
ਜਾਲ ਵਿਛਾ ਕੇ ਚਿੱਲੀ ਬੰਨ੍ਹਣੀ
'ਇੱਛ...ਇੱਛ' ਕਰਕੇ ਊਠ ਬਿਠਾਉਣਾ
ਲਾ ਲਾ ਜ਼ੋਰ ਲਦਾਉਣੀ ਚਿੱਲੀ
ਚਿੱਲੀ ਲੱਦ ਫਿਰ ਉਸ ਭੋਲੇ ਦੀ



ਤਖ਼ਤ-ਤਾਊਸ ਜਿਹੀ ਪਿੱਠ 'ਤੇ ਬਹਿਣਾ
ਝੂਮ ਝੂਮ ਕੇ ਝੂਟੇ ਲੈਣੇ
ਬੇਰੀਆਂ ਹੇਠੋਂ ਨਿਉਂ ਨਿਉਂ ਲੰਘਣਾ
ਆਪਣੇ ਮਿੱਠੇ ਘਰ ਵੱਲ ਆਉਣਾ।

ਚੌਂਕੜੀਆਂ ਦੇ ਬੈਠਣ-ਵਿਸਮਣ
ਉਹ ਖੁੰਢਾਂ ਦੀਆਂ ਸ਼ਾਹ-ਗੁਜ਼ਾਰਾਂ।
ਗਿਆਲੇ ਅਮਲੀ ਦੇ ਉਹ ਹਾਸੇ
ਗੁਣਗੁਣੀਆਂ ਤੇ ਲੋਰ 'ਚ ਗੱਲਾਂ
ਤੇ ਬਚਨੇ ਦੀਆਂ ਗੁੱਝੀਆਂ ਟਿੱਚਰਾਂ
ਇੰਦਰ ਦੀਆਂ ਬੇਰੋਕ ਟਕੋਰਾਂ
ਤੇ ਜੇਠੂ ਦੀਆਂ ਫੋਕੀਆਂ ਟਾਹਰਾਂ।

ਓਦੋਂ ਕੀ ਸੀ ਕਦਰ ਇਹਨਾਂ ਦੀ
ਹੁਣ ਆਲਮ ਨੂੰ ਘੁੰਮ ਕੇ ਡਿੱਠਾ
ਹੁਣ ਲੱਭਾਂ ਮੈਂ ਕੁੱਲ ਬਾਜ਼ਾਰਾਂ
ਮੁੱਕ ਵਿਕ ਗਈਆਂ ਕਿਤੇ ਨਾ ਮਿਲੀਆਂ
ਜੇ ਮਿਲਸਣ ਇਹ ਜਿੰਦੜੀ ਵਾਰਾਂ!

ਮਨਾਂ ਮੇਰਿਆ!
ਪੁਲਾਂ ਹੇਠ ਦੀ ਲੰਘ ਗਏ ਪਾਣੀ
ਬਚਪਨ ਦੇ ਪਲ ਪਿੰਡ ਬਿਤਾਏ
ਮੁੜ ਨਹੀਂ ਮਿਲਣੇ
ਫੁੱਲ ਜੁ ਖਿੜ ਹੱਸੇ ਮੁਰਝਾਏ
ਮੁੜ ਨਹੀਂ ਖਿਲਣੇ!

ਬਚਪਨ—
ਜੋ ਹੈ ਸਭ ਦਾ ਸਾਂਝਾ ਬੜਾ ਪਿਆਰਾ

ਇਸ ਨੂੰ ਕੌਣ ਨਹੀਂ ਚੇਤੇ ਕਰਦਾ ?
ਜੇ ਆਪਾਂ ਸਭ ਧਰਤੀਆਂ ਗਾਹੀਏ
ਕਿੰਨੇ ਵੀ ਵੱਡੇ ਹੋ ਜਾਈਏ
ਇਹ ਦੌਲਤ ਨਾ ਮੁੜ ਕੇ ਮਿਲਣੀ
ਉਹ ਨਾ ਮਿਲਣੀ ਗੱਲ ਦੁਬਾਰਾ।

ਮਨਾਂ ਮੇਰਿਆ! ਹੀਰਿਆ ਹਰਨਾ
ਸਦਾ ਨਾ ਰੋਹੀਆਂ ਵਿਚ ਦੁੜੰਗੇ
ਸਦਾ ਨਾ ਯਾਰਾ ਹਰੀਆਂ ਚਰਨਾ
ਸਤਿਗੁਰ ਸੱਚੀਆਂ ਕਹਿ ਗਏ ਮਿੱਤਰਾ—
ਸਦਾ ਨਾ ਰਹਿਣਾ ਸਰਪਰ ਮਰਨਾ
ਆ ਬਚਪਨ ਦੇ ਬਾਲ-ਬੋਧ ਨੂੰ
ਬੈਠ ਵਾਚੀਏ ਚੇਤੇ ਕਰੀਏ
ਆ ਕਾਗ਼ਜ਼ ਦੀ ਬੇੜੀ ਚੜ੍ਹ ਕੇ
ਅੱਜ ਯਾਦਾਂ ਦਾ ਸਾਗਰ ਤਰੀਏ।

ਮਨਾਂ ਮੇਰਿਆ! ਰੰਗ ਮਾਣਦਿਆ
ਪਰਦੇਸਾਂ ਦੀ ਖ਼ਾਕ ਛਾਣਦਿਆ
ਜਿਹਨੀਂ ਤਲੀਏਂ ਚੋਗ ਚੁਗਾਏ
ਉੱਡ ਗਏ ਜਿਹੜੇ ਕਬੂਤਰ ਚੀਨੇ
ਆ ਉਹਨਾਂ ਲਈ ਛਤਰੀ ਗੱਡੀਏ
ਆ ਉਹਨਾਂ ਨੂੰ ਕੋਲ ਬੁਲਾਈਏ
ਆ ਉਹਨਾਂ ਦੇ ਸੋਹਣੇ ਗਲ ਤੋਂ
ਯਾਦਾਂ ਦੀ ਇਕ ਗਾਨੀ ਲਾਹੀਏ!



ਮਨ ਯਾਰਾ ਹੁਣ ਚਿੱਤ ਕਰਦਾ ਹੈ
ਫਿਰ ਓਵੇਂ ਨਿੱਕੇ ਹੋ ਜਾਈਏ



ਬਚਪਨ ਦੀ ਉਹ ਪਿਆਰੀ ਪਿਆਰੀ
ਜੂਨ ਮਖ਼ਮਲੀ ਫੇਰ ਹੰਢਾਈਏ
ਮਾਂ ਦੇ ਨਿੱਘੇ ਢਿੱਡ ਨਾਲ ਲੱਗੀਏ
ਢਿੱਡ 'ਤੇ ਲਿਟਬੋਰੇ ਹੋ ਜਾਈਏ
ਓਵੇਂ ਫੇਰ ਥਬੂਕੀਆਂ ਲਾਈਏ!
ਜੱਗ ਦੇ ਧੰਦੀਂ ਥੱਕੇ-ਮਾਂਦੇ
ਉਸਦੇ ਪਿਆਰੇ ਪੈਰਾਂ ਤਾਈਂ
ਆਪਣੀ ਨਿੱਕੀ ਹਿੱਕ ਨਾਲ ਲਾ ਕੇ
ਭੂਆ ਬੁਣੀ ਦਰੀ 'ਤੇ ਓਵੇਂ
ਬੇਫ਼ਿਕਰੇ ਨਿੱਸਲ ਜਿਹੇ ਹੋ ਕੇ
ਗੋਲ-ਗਲੂੰਡੀ ਬਣ ਪੈ ਜਾਈਏ।

ਚਿੱਤ ਚਾਹਵੇ ਹੁਣ ਇਹ ਹੋ ਜਾਵੇ
ਬਚਪਨ ਦੀ ਰੁੱਤ ਤਿਤਲੀ ਵਰਗੀ
ਰੰਗਲੀ-ਰੰਗਲੀ ਫਿਰ ਉੱਡ ਆਵੇ
ਮਾਂ ਸਾਨੂੰ ਹਿੱਕੜੀ ਨਾਲ ਲਾਵੇ
ਰਾਤ ਨੂੰ ਸਾਨੂੰ ਬਾਤ ਸੁਣਾਵੇ।
ਕੰਨਾਂ ਤੇ ਕੁਤਕੁਤੀਆਂ ਕੱਢਦੀ
ਘੁੱਟ ਘੁੱਟ ਸੀਨੇ ਨਾਲ ਲਗਾਵੇ।
ਸਾਡੇ ਵਾਲੀਂ ਹੱਥ ਫੇਰਦੀ
ਸੁੱਤ-ਉਨੀਂਦਿਆਂ ਤਾਈਂ ਸੁਆਵੇ
ਅਸੀਂ ਉਹਦੇ ਹੱਥੀਂ ਸੌਂ ਜਾਈਏ
ਸਾਡੀ ਬਾਹੀਂ ਉਹ ਸੌਂ ਜਾਵੇ!



ਮਨਾਂ ਮੇਰਿਆ!
ਮਾਂ ਵੀ ਕੇਹੀ ਸੰਘਣੀ ਛਾਂ ਸੀ

ਉਹ ਨਾ ਕਿਸੇ ਸ਼ਹਿਰ ਵਰਗੀ ਸੀ
ਘੁੱਗ ਵਸਦਾ ਉਹ ਕੋਈ ਗਿਰਾਂ ਸੀ
ਉਹ ਮੇਰੇ ਬਾਪੂ ਦਾ ਧਨ ਸੀ
ਭੈਣ ਭਰਾਵਾਂ ਦਾ ਤਨ ਮਨ ਸੀ
ਸਾਰਾ ਦਿਨ ਘਰ ਘੁੰਮਰ ਪਾਂਦੀ।
ਉਹ ਬਾਪੂ ਦੀਆਂ ਝਿੜਕਾਂ ਖਾਂਦੀ
ਸਾਡੇ ਸਾਰੇ ਪੱਖ ਪੂਰਦੀ
ਤੱਤੀ ਵਾਓ ਲੱਗਣ ਨਾ ਦੇਂਦੀ।
ਵੱਡੇ ਮਾਣ ਮਾਪਿਆਂ ਸੰਦੇ
ਨਾਨੇ ਪਿਓ ਤੇ ਰੋਅਬ ਜਮਾਂਦੀ
ਮਾਂ ਆਪਣੀ ਸੀ ਤੀਆਂ ਵਰਗੀ
ਮਾਂ ਆਪਣੀ ਵੀ ਸੀ ਬਸ ਚਾਂਦੀ।
ਉਹ ਸੀ ਰੰਗਲਾ ਇਕ ਛਣਕਣਾ
ਉਹ ਸੀ ਸਾਰੇ ਘਰ ਦੀ ਰੌਣਕ
ਜਿਧਰ ਤੁਰੇ ਛਣਕਦੀ ਜਾਂਦੀ।

ਹੇ ਮਾਂ ਉੱਚੀਏ!
ਹੇ ਮਾਂ ਸੁੱਚੀਏ!
ਹੁਣ ਮੈਂ ਸੋਚਾਂ, ਤੂੰ ਧਰਤੀ ਸੈਂ
ਸਾਰੇ ਝੱਖੜ ਅਤੇ ਝਮੇਲੇ
ਤੂੰ ਇਹ ਕੀਕਰ ਜਰ ਜਾਂਦੀ ਸੈਂ ?
ਲੱਫ਼ਾਂ ਮਾਰਦੇ ਖੌਰੂ ਪਾਉਂਦੇ
ਜ਼ਿੰਦਗੀ ਦੇ ਸਭ ਖ਼ਾਰੇ ਸਾਗਰ
ਵੱਡੇ ਜਿਗਰੇ ਵਾਲੀਏ ਮਾਏ
ਹੱਸ ਕੇ ਕੀਕਰ ਜਰ ਜਾਂਦੀ ਸੈਂ ?



ਜੇ ਬਾਪੂ ਦੀ ਗੱਲ ਤੋਰੀਏ
ਭੈਅ ਆਉਂਦਾ ਹੈ
ਬੱਬਰ ਦਾੜ੍ਹੀ ਖੜ੍ਹੇ ਮੁਛਹਿਰੇ।
ਉਸਨੂੰ ਤੱਕਦੇ ਕਾਂਬਾ ਛਿੜਨਾ
ਸੋਚਾਂ ਤੇ ਕੋਈ ਛਾਪਾ ਪੈਣਾ
ਹਾਸੇ 'ਤੇ ਲੱਗ ਜਾਣੇ ਪਹਿਰੇ!

ਬਾਪੂ ਵੀ ਬਸ ਬਾਪੂ ਹੀ ਸੀ
ਜਦ ਉਹ ਸ਼ਾਮੀਂ ਘਰ ਵੜਦਾ ਸੀ
ਚਿੰਤਾ ਦੀ ਇਕ ਗਹਿਰ ਜਿਹੀ ਛਾਉਣੀ
ਘਰ ਨੂੰ ਜਿਉਂ ਤੇਈਆ ਚੜ੍ਹਦਾ ਸੀ
ਉਹ ਸੀ ਸਾਡੇ ਘਰ ਦਾ ਰਾਜਾ
ਵਾਗ ਉਹਦੇ ਘੋੜੇ ਦੀ
ਕਿਹੜਾ ਫੜ ਸਕਦਾ ਸੀ ?
ਉਸ ਦੀ ਰਾਜਧਾਨੀ ਜੇ ਕਹੀਏ
ਬਸ ਇਕ ਸਾਡੀ ਮਾਂ ਹੁੰਦੀ ਸੀ
ਸੁਬ੍ਹਾ ਸ਼ਾਮ ਤੇ ਜਦ ਵੀ ਚਾਹੇ
ਕਾਰਨ ਅਤੇ ਅਕਾਰਨ
ਉਸ ਨਾਲ ਲੜ ਸਕਦਾ ਸੀ।
ਉਹ ਜਦ ਮਾਂ ਦੇ ਨਾਲ ਝਗੜਦਾ
ਗ਼ੁੱਸੇ ਦੇ ਵਿਚ ਖੱਬਲ ਵਰਗੇ ਚਿੱਟੇ-ਕਾਲੇ
ਉਹ ਭਰਵੱਟੇ ਉੱਚੇ ਕਰਦਾ
ਚੋਰਾਂ ਵਾਂਗੂੰ ਅਗਲੇ ਅੰਦਰ ਵੜ ਜਾਂਦੇ ਸਾਂ।
ਹੱਸਦੇ ਤੇ ਮਸ਼ਗੂਲੇ ਕਰਦੇ ਉਸ ਤੋਂ ਡਰ ਕੇ
ਚੂਹਿਆਂ ਵਾਂਗੂੰ ਦੜ ਜਾਂਦੇ ਸਾਂ।

ਬਾਪੂ ਬੋਲੇ ਤਾਂ ਇਉਂ ਲੱਗੇ
ਜਿਉਂ ਲਹਿੰਦੇ ਵੱਲ ਬੱਦਲ ਗੜ੍ਹਕੇ।
ਨਿੰਮ ਦੇ ਪੱਤੇ ਥਰ ਥਰ ਕੰਬਣ
ਹਰ ਦਰਵਾਜ਼ਾ ਖਿੜਕੀ ਖੜਕੇ।
ਉਹ ਘਰ ਆਉਂਦਾ ਤਾਂ ਇਉਂ ਲੱਗਦਾ
ਚੁੱਪ-ਚਪੀਤੇ ਜੰਗਲ ਜੂਹ ਜਿਉਂ
ਖੌਫ਼ਨਾਕ ਕੋਈ ਦਿਉ ਆਉਂਦਾ ਹੈ
ਹੁਣ ਤਕ ਪਰ ਇਹ ਸਮਝ ਪਈ ਨਹੀਂ
ਇਹ ਸਾਰਾ ਕੁਝ ਹੁੰਦੇ ਸੁੰਦੇ
ਕਾਹਤੋਂ ਉਸਦਾ ਮੋਹ ਆਉਂਦਾ ਹੈ!

ਹਾਏ! ਬਾਪੂ ਦਾ ਖੇਤ ਜਿਹਾ ਮੱਥਾ
ਫ਼ਿਕਰਾਂ ਦੇ ਵਿਚ ਪਏ ਸਿਆੜ।
ਉਸ ਦੀਆਂ ਗਾਲ੍ਹਾਂ ਘਿਉ ਦੀਆਂ ਨਾਲਾਂ
ਝਿੜਕਾਂ ਅਤੇ ਨਸੀਅਤਾਂ ਕੇਹੀਆਂ
ਕੇਹੇ ਖ਼ਿਆਲ ਉਗਾ ਕੇ ਦਿੱਤੇ
ਠਾਰ ਨਾ ਸਾਨੂੰ ਸਕੇ ਸਿਆਲ
ਸਾੜ ਸਕੇ ਨਾ ਸਾਨੂੰ ਹਾੜ੍ਹ!

ਮਨਾਂ ਮੇਰਿਆ!
ਕਹਿਣ ਸਿਆਣੇ ਕਦੇ ਨਾ ਮੁੜਦੇ
ਹੁਸਨ ਜੁਆਨੀ ਤੁਰ ਗਏ ਮਾਪੇ!
ਆਸਾਂ ਪੂਰ ਲੈਂਦਾ ਸਭ ਬੰਦਾ
ਪਰ ਇਹ ਪੂਰੇ ਜਾਣ ਨਾ ਘਾਪੇ!!

ਚੱਲ ਮਨ!
ਗੱਲ ਅਗਾਂਹ ਤੋਰੀਏ ਉਸ ਬਚਪਨ ਦੀ



ਬਚਪਨ ਹੈ ਜੁ ਬੜਾ ਪਿਆਰਾ
ਤੇ ਬਚਪਨ ਦੀ ਪਿਆਰੀ ਮੂਰਤ
ਕਿਹੜਾ ਆਪਣੇ ਘਰ ਨਹੀਂ ਲਾਉਂਦਾ ?
ਕੌਣ ਨਹੀਂ ਇਸ ਲਈ ਪਲ ਪਲ ਲੁੱਛਦਾ
ਜਦ ਦਾਅ ਲੱਗੇ ਨ੍ਹੇਰ-ਸਵੇਰੇ
ਕੌਣ ਨਹੀਂ ਇਸਦੇ ਦਰਸ਼ਨ ਪਾਉਂਦਾ ?

ਮਨਾਂ ਮੇਰਿਆ!
ਹੁਣ ਕੀ ਰਾਤਾਂ ? ਉਹ ਰਾਤਾਂ ਸਨ!
ਰਾਤਾਂ ਦੀਆਂ ਵੀ ਕਿਆ ਬਾਤਾਂ ਸਨ
ਨਿੱਕੇ ਨਿੱਕੇ ਭੈਣ ਭਰਾ ਜਦ
ਨਿੱਕੀਆਂ ਮੰਜੀਆਂ ਮੰਜਿਆਂ ਉੱਤੇ
ਨੱਚਦੇ ਟੱਪਦੇ ਸ਼ੋਰ ਪਾਉਂਦੇ
ਫੁੱਲਾਂ ਵਾਲੀਆਂ ਖਿੱਚ ਰਜਾਈਆਂ
ਗਈ ਰਾਤ ਤਕ ਹੱਸ ਹਸਾਉਂਦੇ।
ਪੀਹੜੀ ਉੱਤੇ ਪਾਠ ਥੋਲ੍ਹਦੇ
ਜਣੇ-ਖਣੇ ਦੀਆਂ ਸਾਂਗਾਂ ਲਾਉਂਦੇ।

ਦਿਨ ਦੇ ਆਹਰ-ਵਿਹਾਰ ਮੁਕਾ ਜਦ
ਮਿੱਠੀ ਮਾਂ ਦੁੱਖ-ਆਸਣ ਕਰਦੀ
ਉਸਦੇ ਢਿੱਡ ਕੁਤਕੁਤੀਆਂ ਕੱਢ ਕੇ
ਸੌਂਦੀ ਨੂੰ ਬਹੁੰ ਵਾਰ ਜਗਾਉਂਦੇ।
ਉਸ ਦੀ ਚਾਦਰ ਤਾਣ-ਚਾਨਣੀ
ਤਾਰੇ ਪੁੱਛਦੇ ਅਤੇ ਗਿਣਾਉਂਦੇ।
ਉਸ ਦੀਆਂ ਨੀਂਦਾਂ ਖੋਂਹਦੇ-ਖਿੱਚਦੇ
ਗਈ ਰਾਤ ਤਕ ਬਾਤਾਂ ਪਾਉਂਦੇ।

ਮਨਾਂ ਮੇਰਿਆ! ਕੀ ਵੇਲਾ ਸੀ ?
ਲਵੇ ਲਵੇ ਉਹ ਭੈਣ ਭਰਾ ਸਨ
ਹਾਏ! ਉਹ ਆਪਣੇ ਸਾਹਾਂ ਵਰਗੇ
ਹਾਏ! ਉਹ ਆਪਣੀਆਂ ਬਾਹਾਂ ਵਰਗੇ
ਕਦੇ ਕਮਾਨਾਂ ਬਣ ਨਾ ਸਕਦੇ
ਨਿੱਕੇ ਨਰਮ ਉਹ ਘਾਹਵਾਂ ਵਰਗੇ।
ਕਣਕਾਂ ਵਰਗੇ ਸਰ੍ਹਵਾਂ ਵਰਗੇ
ਜੁ ਨਾ ਸਨ ਸ਼ਰੀਕਾਂ ਤੇ ਤਲਵਾਰਾਂ ਵਰਗੇ।
ਨਿਰਛਲ-ਨਿਰਛਲ, ਮਿੱਠੇ-ਮਿੱਠੇ
ਕੱਚੇ ਦੁੱਧ ਦੀਆਂ ਧਾਰਾਂ ਵਰਗੇ।
ਜਿੰਦ ਦੀ ਬੇੜੀ ਦੇ ਲਈ ਲਗਦੇ
ਹੈਸਨ ਜੋ ਪਤਵਾਰਾਂ ਵਰਗੇ।
ਨਾਲ ਜਿਹਨਾਂ ਗੁੱਤ-ਜੂੜ ਪਟਾਈ
ਖੋਹ-ਖਾਣ ਤੇ ਖਿੱਚਾ-ਧੂਈ
ਚੱਤੋ ਪਹਿਰ ਦੀ ਸਿੰਗ-ਫ਼ਸਾਈ।
ਐਵੇਂ ਰੋਜ਼ ਸ਼ਿਕਾਇਤਾਂ ਲਾ ਲਾ
ਇਕ ਦੂਜੇ ਨੂੰ ਕੁੱਟ ਪਵਾਉਣੀ।
ਮਾਂ ਪਿਉ ਘੂਰਨ ਪੱਖ ਪੂਰਨੇ
ਇਕ ਦੂਜੇ ਦੀ ਰਈ ਕਰਾਉਣੀ।

ਹਾਂ ਸੱਚ ਯਾਰਾ!
ਯਾਦ ਕਰੀਂ ਉਹ ਦਿਨ ਬਚਪਨ ਦੇ
ਜਦੋਂ ਛੱਪੜ ਦੇ ਜਾ ਕਿਨਾਰੇ
ਕਿਵੇਂ ਡ੍ਹੀਟੀਆਂ ਚੁਗਦੇ ਰਹਿੰਦੇ
ਕੰਢੇ ਖੜ੍ਹ ਖੜ੍ਹ ਸ਼ਰਤਾਂ ਲਾਉਂਦੇ।



ਸ਼ਿਸਤਾਂ ਬੰਨ੍ਹ ਬੰਨ੍ਹ ਮਾਰ ਡ੍ਹੀਟੀਆਂ
ਨੀਝ ਲਗਾਉਂਦੇ।

ਖਿੱਦੋ-ਖੂੰਡੀ ਖੇਡ ਰੌੜ ਵਿਚ
ਬੁੱਟੇ ਦੇ ਵਿਚ ਖ਼ੌਰੂ ਪਾਉਂਦੇ
ਗੁੱਲੀ-ਡੰਡੇ ਦੀਆਂ ਰਾਬਾਂ ਲੈਂਦੇ
ਬੱਚੀਆਂ ਪਾਉਂਦੇ
ਕਦੇ ਕਦੇ ਘੜਕੁੱਲਾ ਲਾਉਂਦੇ।
ਪਿਛਲਖੁਰੀ ਭੱਜ ਗੁੱਲੀ ਬੋਚਦੇ
ਵਧ ਵਧ ਕਿਵੇਂ ਖੁੱਪੇ ਵਿਚ ਪਾਉਂਦੇ।

ਮਨ ਮਿੱਤਰਾ!
ਉਹ ਲੁਕਣ-ਮੀਟੀ ਛੂਹਣ-ਛੁਹਾਈ
ਸ਼ੱਕਰ-ਭਿੱਜੀ, ਗੁੱਲੀ-ਡੰਡਾ
ਡੰਡਾ-ਡੁੱਕ ਤੇ ਖਿੱਦੋ-ਖੂੰਡੀ
ਵਿਸਰ ਗਈਆਂ ਉਹ ਸਾਰੀਆਂ ਖੇਡਾਂ
ਜ਼ਿੰਦਗੀ ਦੀ ਇਹ ਖੇਡ ਕੀ ਖੇਡੀ
ਖੇਡਦਿਆਂ ਹਰ ਖੇਡ ਭੁਲਾਈ!

ਮਨਾਂ ਮੇਰਿਆ!
ਕਿਥੇ ਹਨ ਉਹ ਰਿੱਚ ਕੌਡੀਆਂ
ਸਿੱਕੇ ਨਾਲ ਭਰੇ ਹੋਏ ਕੌਡੇ
ਨਿੱਗਰ ਘੈਂਟ ਤੇ ਭਾਰੇ ਭਾਰੇ।
ਸਾਹਨਾਂ ਤੇ ਭਲਵਾਨਾਂ ਵਰਗੇ
ਜੁ ਕੌਡੀਆਂ ਦੇ ਪਾਸੇ ਭੰਨਦੇ
ਟੱਕਰ ਮਾਰ ਪੈਰਾਂ ਤੋਂ ਕੱਢਦੇ
ਦੂਰ ਕਿੰਨੀ ਰਹਿ ਗਏ ਪਿਆਰੇ।

ਫੇਰ ਮਨਾਂ ਹੁਣ ਚਿੱਤ ਕਰਦਾ ਹੈ
ਨਿੱਕੇ ਓਸ ਸਕੂਲ 'ਚ ਜਾਈਏ।
ਓਵੇਂ ਹੋਈਏ ਫੱਟੀਓ-ਫੱਟੀ
ਓਵੇਂ ਫੇਰ ਸ਼ਿਕਾਇਤਾਂ ਲਾਈਏ।
ਕੁਝ ਨਾ ਆਉਂਦੇ ਝੂਠੇ-ਮੂਠੇ
ਉੱਚੇ ਕਰ ਕਰ ਹੱਥ ਹਿਲਾਈਏ।
ਨਲਕਾ ਗੇੜੀਏ ਚਾਈਂ ਚਾਈਂ
ਤੇ ਗੇਂਦਿਆਂ ਨੂੰ ਪਾਣੀ ਪਾਈਏ।
ਨਾਲਦਿਆਂ ਤੋਂ ਮੂਹਰੇ ਭੱਜ ਕੇ
'ਮਸ਼ਟਰ ਜੀ' ਦਾ ਸਾਇਕਲ ਫੜੀਏ
ਕੌਣ ਜਾਣੇ ਇਸ ਸੇਵਾ ਬਦਲੇ
ਅਗਲੇ ਸਾਲ 'ਮਲੀਟਰ' ਬਣੀਏ
ਜਣੇ-ਖਣੇ 'ਤੇ ਰੋਅਬ ਜਮਾਈਏ।

ਮੇਰਿਆ ਮਿੱਤਰਾ!
ਕੇਹਾ ਸਮਾਂ ਸੀ
ਜਦ ਕੌਲੀ ਵਿਚ ਛਾਣ ਕੇ ਆਟਾ
ਅੱਗ 'ਤੇ ਲੇਟੀ ਕਿਵੇਂ ਬਣਾਉਂਦੇ।
ਚੁਣ ਚੁਣ ਸੂਹਣੋਂ ਡੱਕੇ ਕੱਢਦੇ
ਹੱਥੀਂ ਪੈਰੀਂ ਕੀਕੂੰ ਨੱਪਦੇ
ਗੁੱਡੇ-ਗੁੱਡੀਆਂ ਕਿਵੇਂ ਬਣਾਉਂਦੇ।
ਕਿੰਝ ਉਹਨਾਂ ਨੂੰ ਪੂੰਝੇ ਦਿੰਦੇ
ਕੰਨੀਆਂ ਫੜ ਕੇ ਪਿੱਛੇ ਭੱਜ ਭੱਜ
ਇਹਨਾਂ ਨੂੰ ਅਸਮਾਨ ਚੜ੍ਹਾਉਂਦੇ।
ਕਦੇ ਈਰਖਾ ਕਰਦੇ ਕਰਦੇ
ਇਕ ਦੂਜੇ ਦੀਆਂ ਡੋਰਾਂ ਕੱਟਦੇ



ਵਾਂਗ ਸਿਆਸਤਦਾਨਾਂ ਗੁੱਝੇ ਪੇਚੇ ਪਾਉਂਦੇ।

ਹਾਏ! ਉਹ ਲ੍ਹੀਲ੍ਹ ਬੇਰ ਤੋੜਨੇ
ਮਲ੍ਹਿਆਂ ਵਿਚ ਝੱਗੇ ਪੜਵਾਉਣੇ।
ਚੋਰੀ ਦੇ ਖ਼ਰਬੂਜ਼ੇ ਖਾਣੇ
ਤੇ ਗਾਧੀ 'ਤੇ ਝੂਟੇ ਲੈਣੇ।

ਚੱਲ ਮਨਾਂ! ਹੁਣ ਹੁੱਸੜ ਜਿਹਾ ਹੈ
ਚੱਲ ਛੱਪੜ ਵਿਚ ਓਵੇਂ ਨ੍ਹਾਈਏ।
ਆ ਛੱਡੀਏ ਫਿਰ ਮਹੀਆਂ-ਕੱਟੀਆਂ
ਫੇਰ ਬੋਸਕੀ ਨਿੱਕਰ ਪਾਈਏ।
ਛੱਡ ਕੇ ਸਾਰੇ ਸੰਸੇ ਝੰਜਟ
ਪੰਜ ਕਲਿਆਣੀ 'ਤੇ ਬਹਿ ਜਾਈਏ।
ਫੜ ਕੇ ਪੂਛ ਦੂਰ ਤਕ ਤਰੀਏ
ਵਿਚ ਵਿਚਾਲੇ ਤੱਕ ਹੋ ਆਈਏ।
ਡ੍ਹੀਟੀਆਂ ਚੁਗੀਏ ਸ਼ਿਸਤਾਂ ਲਾਈਏ
ਅਪਣਾ ਜੰਨਤ ਮੋੜ ਲਿਆਈਏ।

ਮਨਾਂ ਮੇਰਿਆ! ਉੱਛਲ ਡੁੱਲ੍ਹਦਿਆ
ਅਜੇ ਤਾਂ ਹੋਰ ਕਹਾਣੀ ਕਹਿਣੀ।
ਬੁੱਕਲ ਮਾਰ ਜੇ ਏਵੇਂ ਤੁਰ ਗਏ
ਮਨ ਵਿਚ ਫੇਰ ਧੁਖਧੁਖੀ ਰਹਿਣੀ।

ਆ ਮਨ! ਆਪਣੇ ਖੂਹ 'ਤੇ ਚੱਲੀਏ
ਕਿਸੇ ਮੁਹਾਰੇ ਕੋਲੇ ਬਹੀਏ।
ਭਰੀ ਟਾਂਡਿਆਂ ਦੀ ਰੱਖ ਸਾਹਵੇਂ
ਓਵੇਂ ਫੇਰ ਨਜ਼ਾਰੇ ਲਈਏ
ਕੁੜੀਆਂ ਵਰਗੀਆਂ ਸੁੱਚੀਆਂ ਛੱਲੀਆਂ

ਬਾਲਾਂ ਵਰਗੇ ਦੋਧੇ ਕੱਢੀਏ
ਕੁਦਰਤ ਦੇ ਘਰ ਸੰਨ੍ਹ ਮਾਰੀਏ
ਖੜ੍ਹੀ-ਖੜੋਤੀ ਹੀ ਲੁੱਟ ਲਈਏ।

ਮਨਾਂ ਮੇਰਿਆ! ਆਪਣਾ ਉਹ ਖੂਹ
ਉਸਦੀ ਉਹ ਜੂਹ!! ਉਸਦੀ ਉਹ ਰੂਹ!!!
ਸੁਰਗਾਂ ਤੋਂ ਵੀ ਵੱਧ ਪਿਆਰੀ
ਬੁੱਢੀ ਬੇਰੀ ਤੇ ਲਵੀਆਂ ਡੇਕਾਂ
ਤੇ ਤੂਤਾਂ ਦੀ ਸਾਕਾਦਾਰੀ।

ਮੋਢੇ ਕਹੀ ਆੜ ਵਿਚ ਤੁਰਨਾ
ਦੋਹ ਦੋਹ ਨੱਕੀਂ ਪਾਣੀ ਮੋੜਨ
ਤੇ ਬਾਪੂ ਦਾ ਘੂਰਨ-ਘੱਪਾ
ਭੈਣਾਂ ਰੋਟੀਆਂ ਲੈ ਕੇ ਆਉਣਾ
ਬੱਦਲ ਆਉਂਦੇ ਪਿੰਡ ਤਿਆਰੀ!

ਸਿਖ਼ਰ ਦੁਪਹਿਰੇ ਹਾੜੀ ਵੇਲੇ
ਵਾਢੀ ਕਰਨੀ ਓਲੀਆਂ ਧਰਨਾ।
ਇਕ ਦੂਜੇ ਨਾਲ ਲਾਉਣੀਆਂ ਸ਼ਰਤਾਂ
ਖੁੱਚਾਂ ਵਿਚ ਦੀ ਮੁੜ੍ਹਕਾ ਵਗਣਾ।
ਕਿਸੇ ਕਸੀਰ ਦਾ ਗਲਮੇਂ ਵੜਨਾ
ਵਾਢੀ ਕਰਦੇ ਚਾਹ-ਰੋਟੀ ਦਾ ਉਹ ਉਡੀਕਣ।
ਥੱਕੇ ਮਾਂਦੇ ਰੋਟੀ ਖਾ ਕੇ
ਸੁਰਗਾਂ ਜਿਹੇ ਢਮਕੇ ਦਾ ਲਾਵਣ।

ਮਨ ਮਿੱਤਰਾ!
ਉਹ ਦਿਨ ਦਿਹਾਰ ਵੀ ਮੁੜ ਨਹੀਂ ਮਿਲਣੇ
ਉਹ ਦੀਵਾਲੀ! ਭਾਗਾਂ ਵਾਲੀ!!



ਤਾਂਘ ਤਾਂਘਦੇ ਨੇੜੇ ਆਉਂਦੀ
ਖੁਸ਼ੀ ਮਨਾਉਂਦੇ ਚਾਂਭੜ ਪਾਉਂਦੇ
ਕੁੜੀਆਂ ਡੂੰਘੀ ਛਪੜੀ ਵਿਚੋਂ
ਵੱਡੇ ਧੋੜਿਓਂ ਖੁਰਚ ਰੰਬੇ ਨਾਲ
ਪੀਲੀ ਮਿੱਟੀ ਕਿਵੇਂ ਲਿਆਉਣੀ।
ਕੰਧਾਂ-ਕੌਲੇ ਚੁੱਲ੍ਹੇ-ਚੌਂਕੇ
ਹਾਰੇ ਅਤੇ ਬਨੇਰੇ ਲਿੱਪਣੇ
ਕੰਧੀਂ ਚਿੜੀਆਂ ਬੂਟੇ ਪਾਉਣੇ
ਘਰ ਉੱਤੇ ਇਕ ਰੰਗਤ ਆਉਣੀ।

ਇਸ ਤੋਂ ਇਕ ਦਿਨ ਪਹਿਲਾਂ ਯਾਰਾ
ਜਗਰਾਵਾਂ ਨੂੰ ਬਾਪੂ ਜਾਂਦਾ।
ਸ਼ਾਮਾਂ ਨੂੰ ਉਹ ਘਰੇ ਪਰਤਦਾ
ਇਕ ਮਤਾਬੀ-ਡੱਬੀਆਂ ਦਰਜਨ
ਕੁਝ ਛੁਰ੍ਹਲੀਆਂ ਤੇ ਫੁੱਲ-ਝੜੀਆਂ
ਕੁਝ ਕੁੱਕੜ-ਜਹਾਜ਼ ਚੱਕਰ ਜਿਹੇ
ਝੋਲਿਓਂ ਕੱਢ ਸਾਨੂੰ ਵਰਤਾਂਦਾ।
ਉਸ ਦਿਨ ਮਿਹਰਾਂ ਦਾ ਉਹ ਬੱਦਲ
ਕੀਕਰ ਸਾਡੇ ਸਿਰ 'ਤੇ ਵਰ੍ਹਦਾ
ਸਭ ਕੁਝ ਸਾਡੀ ਝੋਲ 'ਚ ਪਾਂਦਾ।

ਮਾਂ ਥਾਲੀ ਵਿਚ ਦੀਵੇ ਧਰਦੀ
ਕੌਲਿਆਂ ਅਤੇ ਬਨੇਰਿਆਂ ਉੱਤੇ
ਦੀਵੇ ਧਰ ਕੇ
ਸਾਰੇ ਘਰ ਵਿਚ ਚਾਨਣ ਭਰਦੀ
ਬਾਪੂ ਮੋਢੇ ਰੱਖ ਡਵੱਟਾ
ਫਿਰ ਆਪਣੇ ਹੱਥ ਸੁੱਚੇ ਕਰਦਾ

ਥਾਲੀ ਫੇਰ ਹਥੇਲੀ ਧਰਦਾ
ਦਿਹੁੰ ਖੁਸ਼ੀ ਦੇ ਕਿਵੇਂ ਉਦਾਸਾ
ਸਿਵਿਆਂ ਦੇ ਵੱਲ ਤੁਰ ਸੀ ਜਾਂਦਾ
ਸਿਵਿਆਂ ਵਿਚ ਜਾ ਜੀ-ਭਿਆਣਾ
ਆਪਣਾ ਸੁੱਤਾ ਬਾਪ ਜਗਾਂਦਾ।
ਉਸ ਬੀਤੇ ਦੇ ਗਲ ਲੱਗ ਰੋਂਦਾ
ਜਾਣੋਂ ਉਸ ਗਲ ਬਾਹੀਂ ਪਾਂਦਾ।
ਹੰਝ ਅੱਖੀਂ ਭਰ ਬੈਠ ਸਿਰਹਾਣੇ
ਉਸਦੇ ਨਾਂ ਦਾ ਦੀਪ ਜਗਾਂਦਾ।
ਦਿਨ-ਦਿਹਾਰ ਤਾਂ ਦਿਨ-ਦਿਹਾਰ ਹਨ
ਖੁਸ਼ੀ 'ਚ ਗ਼ਮ ਦਾ ਕੰਮ ਵੀ ਕਿਹੜਾ ?
ਘਰ ਆ ਕੇ ਉਹ ਥਾਲੀ ਧਰਦਾ
ਵਧੀਆ ਦੇਸੀ ਸਾਂਭ ਕੇ ਰੱਖੀ
ਦਾਰੂ ਦੀ ਉਹ ਖੋਲ੍ਹ ਕੇ ਬੋਤਲ
ਵਿਚ ਗਿਲਾਸ ਦੇ ਘਮ-ਘਮ ਪਾਂਦਾ।
ਸੱਜੇ ਹੱਥ ਦੀ ਪਹਿਲੀ ਉਂਗਲੀ
ਏਕੇ ਵਰਗੀ ਸੁੱਚੀ ਉਂਗਲੀ
ਫਿਰ ਦਾਰੂ ਦੇ ਵਿਚ ਡੋਬਦਾ
ਉਸਨੂੰ ਧਰਤੀ ਉੱਤੇ ਝਣਕਦਾ
ਜਿਉਂ ਧਰਤੀ ਨੂੰ ਭੋਗ ਲਵਾਂਦਾ।
ਫੇਰ ਗਿਲਾਸ ਦੀ ਸਾਰੀ ਦਾਰੂ
ਗਟ-ਗਟ ਕਰਕੇ ਉਹ ਪੀ ਜਾਂਦਾ।

ਕੌਲੀਂ ਅਤੇ ਬਨੇਰੀਂ ਜਗਦੇ
ਦੀਵੇ ਕੀਕਰ ਪਿੰਡ ਰੁਸ਼ਨਾਉਂਦੇ।



ਖੁਸ਼ੀ 'ਚ ਆਪਾਂ ਹੋਏ ਖੀਵੇ
ਖੁੱਲ੍ਹ ਮਾਣਦੇ ਨੱਚਦੇ-ਭੱਜਦੇ
ਮੌਜ ਮਨਾਉਂਦੇ।
ਚੁੜਚੁੜਿਆਂ ਚੰਗਿਆੜੇ ਕੱਢਦੇ
ਕੁੱਕੜ-ਜਹਾਜ਼ ਤੇ ਬੰਬ ਚਲਾਉਂਦੇ
ਛੁਰ੍ਹਲੀਆਂ ਤੇ ਫੁੱਲਝੜੀਆਂ ਫੜ ਕੇ
ਬਾਂਹ ਘੁਮਾ ਕਿੰਝ ਚੱਕਰ ਬਣਾਉਂਦੇ।
ਪੋਟੇ ਲੂਹੇ ਜਾਣ ਤੋਂ ਪਹਿਲੋਂ
ਫਿਰ ਅੰਬਰ ਵੱਲ ਮਾਰ ਵਗਾਹੁੰਦੇ।
ਡੂੰਘੀ ਰਾਤੇ ਘੂਰਾਂ ਖਾ ਕੇ ਗਾਲ੍ਹਾਂ ਲੈ ਕੇ
ਮਸਾਂ ਕਿਤੇ ਈ ਜਾ ਕੇ ਸੌਂਦੇ।
ਫੇਰ ਸਵੇਰੇ ਜਦੋਂ ਜਾਗਦੇ
ਬੀਤੇ ਦੀ ਸੁਆਹ ਵਿਹੜੇ ਵਿੰਹਦੇ
ਇਕ ਝੋਰੇ ਨੂੰ ਝੋਲੀ ਪਾਉਂਦੇ!
ਕਿੰਝ ਪਛਾਉਂਦੇ!!

ਮਨਾਂ ਮੇਰਿਆ! ਮਿੱਠੀ ਮਾਂ ਦਾ
ਪਿੰਡੋਂ ਰੀਝੀਂ ਖੇਸ ਭੇਜਿਆ
ਓਸ ਖੇਸ ਦੀ ਬੁੱਕਲ ਮਾਰੀਏ
ਆ ਅੱਜ ਆਪਣੇ ਪਿੰਡ ਮੁੜ ਚੱਲੀਏ
ਵਰ੍ਹੇ-ਦਿਨਾਂ ਦੀ ਰਾਤ ਲੰਘਾਈਏ।
ਆ ਲੋਹੜੀ ਦੀ ਅੱਗ ਸੇਕੀਏ
ਤਿਲ ਸੁੱਟੀਏ ਤੇ ਤਿੜ ਤਿੜ ਹੱਸੀਏ
ਸੁੱਚੇ ਗੀਤਾਂ ਸੰਗ ਕੰਨ ਭਰੀਏ
ਬਾਬੇ ਪ੍ਰੇਮੇ ਦੀ ਦਾਹੜੀ ਦੇ

ਹੇਠਾਂ ਓਵੇਂ ਦੜ ਕੇ ਬਹੀਏ
ਉਸ ਦੀ ਗੱਲ ਸਿਆਣੀ ਸੁਣੀਏ
ਜ਼ਿੰਦਗੀ ਦਾ ਸੱਚ ਕਿਰਦਾ ਕਿਰਦਾ
ਆਪਾਂ ਆਪਣੀ ਝੋਲ 'ਚ ਪਾਈਏ!

ਮਨਾਂ ਮੇਰਿਆ! ਜਦੋਂ ਛੱਪੜ ਦੇ ਕੰਢੇ ਉੱਤੇ
ਮਿੱਠੀਆਂ ਮਿੱਠੀਆਂ ਲੱਗਣੀਆਂ ਤੀਆਂ
ਆਪਣੀ ਪੱਤੀ ਗਲੀ-ਗੁਆਂਢ ਦੇ
ਕੁੜੀਆਂ ਚਿੱੜੀਆਂ ਚੰਬੇ ਦੇ ਨਾਲ
ਖੰਭ ਨਿਕਲਦੇ ਲੰਡੇ-ਚਿੜੇ ਜਿਹੇ
ਆਪਾਂ ਵੀ ਸੰਗ ਆ ਜਾਂਦੇ ਸਾਂ।

ਕੁੜੀਆਂ ਪਿੱਪਲੀਂ ਪੀਂਘਾਂ ਪਾਉਂਦੀਆਂ
ਨੱਚਦੀਆਂ ਟੱਪਦੀਆਂ ਹੱਸਦੀਆਂ ਗਾਉਂਦੀਆਂ
ਪੇਕਿਆਂ ਦੇ ਪਿੰਡ ਬੁੱਲੇ ਲੁੱਟਦੀਆਂ
ਸਹੁਰੇ ਘਰਾਂ ਦੇ ਦੁੱਖ ਵੰਡਦੀਆਂ।
ਆਪਾਂ ਟਿੱਬੇ ਉੱਤੇ ਬਹਿ ਕੇ
ਕੱਕਾ ਰੇਤਾ ਪੈਰੀਂ ਥੱਪ ਕੇ
ਘੋੜੀਆਂ ਘਰ ਬਣਾਉਂਦੇ ਰਹਿੰਦੇ।
ਬੋਹੜ ਤੇ ਉੱਡਦੀਆਂ ਚੁੰਨੀਆਂ ਤੱਕ ਕੇ
ਪਾਣੀਓਂ ਮੁੜਿਆ ਗਿੱਧਾ ਸੁਣ ਕੇ
ਬੋਲੀਓਂ ਵਿਛੜਿਆ ਬੋਲ ਬੋਚ ਕੇ
ਆਪਣਾ ਮਨ ਪਰਚਾਉਂਦੇ ਰਹਿੰਦੇ।
ਨਿੱਕਿਆਂ ਨਿੱਕਿਆਂ ਪੈਰਾਂ ਉੱਤੇ
ਕੱਕਾ-ਕੱਕਾ, ਠੰਡਾ-ਠੰਡਾ
ਰੇਤਾ ਚੁੱਕ ਚੁੱਕ ਪਾਉਂਦੇ ਰਹਿੰਦੇ।



ਬਚਪਨ ਦਾ ਰੰਗ ਮਾਣ-ਮਾਣਦੇ
ਆਪਣੀ ਰੂਹ ਨਸ਼ਿਆਉਂਦੇ ਰਹਿੰਦੇ।

ਮਨਾਂ ਮੇਰਿਆ! ਪ੍ਰੇਮਾ ਬਾਬਾ
ਉਹ ਖੱਦਰ ਦੇ ਕੁੜਤੇ ਵਾਲਾ
ਕੁਰਮ ਦੀ ਕਾਲੀ ਜੁੱਤੀ ਵਾਲਾ
ਸਣ ਦੀ ਗੁੱਟੀ ਮੋਢੇ ਬੰਨ੍ਹੀਂ
ਸੱਥ 'ਚ ਖੁੰਢ 'ਤੇ ਬਹਿ ਜਾਂਦਾ ਸੀ।
ਰੱਸੀ ਵਟਦਾ ਹੱਸਦਾ ਹੱਸਦਾ
ਸਾਡੇ ਜਿਹੇ ਬੇਅਕਲਾਂ ਨਾਲੋਂ
ਕਾਲੇ ਕੋਹਾਂ ਤੋਂ ਵੀ ਵੱਡੀ
ਗੂੜ੍ਹ-ਗਿਆਨ ਦੀ ਕਹਿ ਜਾਂਦਾ ਸੀ।

ਤੇ ਉਹ ਗਿਆਲਾ ਅਮਲ ਚੜ੍ਹੇ ਤੋਂ
ਕਿਵੇਂ ਸੀ ਸੱਥ ਵਿਚ ਰੌਣਕ ਲਾਉਂਦਾ।
ਅੱਖਾਂ ਮੀਚੀ ਲੋਰ 'ਚ ਆਇਆ
ਕਿਥੋਂ ਸੀ ਉਹ ਲੜੀ ਛੇੜਦਾ
ਉੱਘ ਪਤਾਲ ਕਿਥੋਂ ਦੀ ਕਿਥੇ
ਕਿਥੇ ਜਾ ਕੇ ਗੱਲ ਮੁਕਾਉਂਦਾ।
ਅਮਲ ਖੇੜਦਾ ਠਰਕ ਭੋਰਦਾ
ਖਿੱਚੀ ਜਾਂਦਾ ਗੱਲ ਰਬੜ ਜਿਉਂ
ਖੰਭਾਂ ਦੀ ਕਿੰਝ ਡਾਰ ਬਣਾਉਂਦਾ!
ਪਲ ਪਲ ਤੇ ਪਿਚਕਾਰੀ ਛੱਡ ਕੇ
ਕਿਵੇਂ ਸੀ ਅੱਧੀ ਸੱਥ ਭਿਉਂਦਾ।
ਜਦੋਂ ਅਮਲ ਦਾ ਤੋੜਾ ਹੋਣਾ
ਚਾਕੂ ਵਾਂਗੂੰ ਹੁੰਦਾ 'ਕੱਠਾ

ਫੁੱਲ ਦੇ ਵਾਂਗ ਕਿਵੇਂ ਸੀ ਝਾਉਂਦਾ।
ਪਰ ਉਹ ਸਹੁਰਾ ਪਿੰਡ ਦੀ ਰੂਹ ਸੀ
ਰਹਿ ਰਹਿ ਉਸ ਦਾ ਹੁਣ ਮੋਹ ਆਉਂਦਾ।
ਸਾਰੀ ਦੌਲਤ ਦੁਨੀਆ ਸੰਦੀ
ਇਕ ਤੱਕੜੀ ਦੇ ਪੱਲੇ ਪਾਈਏ
ਉਸਦੀ ਗੱਲ ਦੇ ਤੁੱਲ ਨਹੀਂ ਹੈ।
ਸਭ ਚੀਜ਼ਾਂ ਦੇ ਮੁੱਲ ਹੁੰਦੇ ਹਨ
ਪੈਸੇ ਵਾਲੇ ਦੇ ਸਕਦੇ ਹਨ
ਪਰ ਸਾਡੇ ਗਿਆਲੇ ਦੀਆਂ ਗੱਲਾਂ
ਗੱਲਾਂ ਬਸ ਉਹ ਗੱਲਾਂ ਹੀ ਸਨ
ਉਹਨਾਂ ਦਾ ਕੋਈ ਮੁੱਲ ਨਹੀਂ ਹੈ!

ਮਨਾਂ ਮੇਰਿਆ!
ਯਾਦ ਹੈ ਤੈਨੂੰ ? ਜਦ ਪਰਤਾਪੀ
ਕਾਲੀ ਸੂਫ਼ ਦਾ ਘੱਗਰਾ ਪਾ ਕੇ
ਸ਼ਹਿਰ ਗਈ ਸੀ।
ਵੈਲਣ ਬੈਤਲ ਕਾਰਿਆਂ-ਹੱਥੀ
ਉਹ ਜਗਰਾਵੀਂ ਠਹਿਰ ਗਈ ਸੀ।

ਗਿਆਲਾ ਹੀ ਸੀ
ਉਪਰੋਂ ਦਿਸਦਾ ਅਨਪੜ੍ਹ ਬੰਦਾ
ਸਿਧਰਾ ਜਿਹਾ ਤੇ ਊਂਧ-ਮਧੂਣਾ
ਪਰਤਾਪੀ ਦੀ ਗੁੱਝੀ ਗੱਲ ਉਸ
ਚੰਗਾ ਮਿਰਚ ਮਸਾਲਾ ਲਾ ਕੇ
ਹੰਢੇ ਪੱਤਰ-ਪ੍ਰੇਰਕ ਵਾਂਗੂੰ
ਸੱਥ ਵਿਚ ਕੀਕੂੰ ਨਸ਼ਰ ਕਰੀ ਸੀ!



ਯਾਦ ਕਰੀਂ ਮਨਾ!
ਨਾਨਕ-ਛੱਕ ਦੇ ਮੱਘਦੇ ਗਿੱਧੇ
ਤਲਵਾਰਾਂ ਜਿਹੀਆਂ ਸੋਹਣੀਆਂ ਕੁੜੀਆਂ!
ਮੱਛਰਦੀਆਂ ਮਨ-ਮੋਹਣੀਆਂ ਕੁੜੀਆਂ!!
ਧਮਕ ਪਾਉਂਦੀਆਂ ਪੀਢੀਆਂ ਅੱਡੀਆਂ
ਤੇ ਉਹ ਮਹਿੰਦੀ ਰੰਗੀਆਂ ਤਲੀਆਂ
ਮਿਸਰੀ ਵੰਡਦੇ ਬੁੱਲ੍ਹ ਉਹਨਾਂ ਦੇ
ਤੜਕਸਾਰ ਦੇ ਤਾਰਿਆਂ ਵਰਗੇ
ਚਿੱਟੇ ਚਿੱਟੇ ਦੰਦ ਉਹਨਾਂ ਦੇ
ਲਗਰਾਂ ਵਰਗੇ ਲੱਕ ਉਹਨਾਂ ਦੇ
ਹਾਏ ਕਮਾਨਾਂ ਵਰਗੀਆਂ ਕਮਰਾਂ
ਜਦੋਂ ਨੱਚਦੀਆਂ ਅੱਗ ਮਚਦੀਆਂ।
ਗਿੱਧੇ ਦੇ ਨਾਲ ਜਿੰਦ ਨਾ ਭਰਦੀ
ਪਿੰਡ ਦੀ ਸੁੱਤੀ ਰੂਹ ਜਾਗਦੀ
'ਜਾਗੋ' ਪਿੰਡ ਨੂੰ ਫੇਰ ਜਗਾਉਂਦੀ
ਰਾਮ-ਵਿਯੋਗੀ ਭਗਤਾਂ ਵਰਗੇ
ਛੜੇ ਜਾਗਦੇ ਇੰਤਜ਼ਾਰ ਵਿਚ
ਗਈ ਰਾਤ ਤਕ ਬੈਠੇ ਰਹਿੰਦੇ!
ਬਿੜਕਾਂ ਲੈਂਦੇ!!



ਉਹ ਆਉਂਦੀਆਂ ਤਾਂ ਛੇੜ ਛਾੜ ਕੇ
ਗੁੱਝੀ ਕੋਈ ਮਸ਼ਕਰੀ ਕਰਕੇ
ਰਾਤ ਜਿਹੀ ਉਹਨਾਂ ਦੀ ਜਿੰਦ ਦੀ
ਤਲੀ 'ਤੇ ਇਕ ਸਿਤਾਰਾ ਧਰ ਕੇ
ਕਿਸੇ ਵੀਹੀ ਦਾ ਮੋੜ ਮੁੜਦੀਆਂ

ਤੇ ਉਹਨਾਂ ਵਿਚ ਤੁਰਦੀ ਜਾਂਦੀ
ਸੀ ਹੁੰਦੀ ਕੋਈ ਹੰਢੀ ਵਰਤੀ
ਲੋਹੜੀ ਦੇ ਗੁੜ ਵਰਗੀ ਮਿੱਠੀ
ਜਿਸ ਦੇ ਖੀਸੇ ਗਿਣ-ਮਿਥ ਪਹਿਲੋਂ
ਪਾਈ ਹੁੰਦੀ ਕੋਈ ਪਿਆਰ-ਨਿਸ਼ਾਨੀ
ਨਾਲਦੀਆਂ ਤੋਂ ਅੱਖ ਬਚਾ ਕੇ
ਛੜੇ ਦੀ ਤਲੀ 'ਤੇ ਧਰ ਜਾਂਦੀ ਸੀ।
ਇਸ ਇਕ ਪਿਆਰੀ ਕੰਕਰ ਦੇ ਸੰਗ
ਛੜੇ ਦੇ ਦਿਲ ਦੀ ਸੱਖਣੀ ਝੀਲ ਨੂੰ
ਲਹਿਰੋ ਲਹਿਰੀ ਕਰ ਜਾਂਦੀ ਸੀ।

ਮੇਰਿਆ ਮੀਤਾ!
ਜਦੋਂ ਪੱਤੀ ਕੋਈ ਵਿਆਹ ਹੁੰਦਾ ਸੀ
ਗਿਣ ਗਿਣ ਰਾਤਾਂ ਦਿਹੁੰ ਲੰਘਾਉਂਦੇ।
ਸੁਆਦ ਆਉਂਦਾ ਸੀ ਕੁਝ ਪੜ੍ਹੇ ਦਾ
ਜਦੋਂ ਨਾਈ ਸੀ ਸੱਦਣ ਆਉਂਦਾ
ਆਪਾਂ ਕਲਮ ਦਵਾਤ ਨੂੰ ਲੈ ਕੇ
ਜਿਉਂ ਪਟਵਾਰੀ ਜੂਨ ਹੰਢਾਉਂਦੇ।
ਮੰਜੇ ਬਿਸਤਰੇ 'ਕੱਠੇ ਕਰਦੇ
ਤੇ ਮੰਜਿਆਂ ਦੇ ਪਾਵਿਆਂ ਉੱਤੇ
ਨਾਂ ਲਿਖਦੇ ਤੇ ਨੰਬਰ ਲਾਉਂਦੇ।
ਜੰਨ ਆਉਂਦੀ ਤਾਂ ਬੜੇ ਅਦਬ ਨਾਲ
ਦੋਵੇਂ ਹੱਥ ਲਾ ਨਾਲ ਸਲੀਕੇ
ਜੱਗ 'ਚੋਂ ਸੁੱਚਾ ਸੁੱਚਾ ਪਾਣੀ
ਲੁੱਚੀ ਜਿਹੀ ਜੰਨ ਨੂੰ ਵਰਤਾਉਂਦੇ।



ਫੇਰ ਅਨੰਦ ਹੁੰਦਿਆਂ ਤੋਂ ਯਾਰਾ
ਐਵੇਂ ਹੀ ਭਾਵੁਕ ਹੋ ਜਾਂਦੇ
ਕਿਸੇ ਕੁੜੀ ਦੇ ਆਪਣੇ ਪਿੰਡੋਂ
ਤੁਰ ਜਾਵਣ, ਅੰਨ-ਜਲ ਮੁੱਕਣ 'ਤੇ
ਹੰਝੂਆਂ ਦੀ ਇਕ ਝੜੀ ਲਗਾਉਂਦੇ।

ਹਾਏ ਉਹ ਵੰਝ ਤੇ ਚਾਨਣੀਆਂ ਉਹ
ਹਾਏ ਉਹ ਪੱਟੀਆਂ ਹਾਏ ਉਹ ਕੋਰੇ।
ਜੰਨ ਤੁਰਦੀ ਤੋਂ ਪੈਸੇ ਚੁਗਣਾ
ਕੁਝ ਨਾ ਹੱਥ ਆਵਣ ਤੇ ਝੋਰੇ।
ਉਹ ਭਾਂਡਿਆਂ ਦੀ ਗਿਣਤੀ-ਮਿਣਤੀ
ਹਾਏ ਮੇਲਣਾਂ ਦੇ ਉਹ ਮੁੜਨੇ
ਦਿਲ ਵਿਚ ਉਹ ਕੁਝ ਕੁਝ ਜਿਹਾ ਹੋਣਾ।
ਹਾਏ! ਹੰਝੂਆਂ ਦਾ ਛਮ ਛਮ ਵਰ੍ਹਨਾ
ਹਾਏ! ਉਹ ਲੁਕ ਲੁਕ ਛੁਪ ਛੁਪ ਰੋਣਾ।

ਮਨਾਂ ਸ਼ੌਕੀਆ!
ਜਦ ਆਪਾਂ ਕੋਈ ਜੰਨ ਚੜ੍ਹਦੇ ਸਾਂ
ਕੋਠਿਆਂ ਉੱਤੇ ਖੜ੍ਹੀਆਂ ਕੁੜੀਆਂ
ਚਾਵੀਂ ਗਹਿਣੀਂ ਜੜੀਆਂ ਕੁੜੀਆਂ
ਬੁੱਲ੍ਹੀਂ ਚੁੰਨੀਆਂ ਦੇ ਹੱਸਦੀਆਂ
ਖਿੜ ਖਿੜ ਜਾਂਦੀਆਂ ਉਹ ਫੁੱਲ-ਝੜੀਆਂ
ਜੰਨ ਬੰਨ੍ਹਦੀਆਂ!

ਬੁੱਲ੍ਹੀਂ ਹਾਸੇ! ਦੰਦ ਦੰਦਾਸੇ!!
ਕਰਦੀਆਂ ਟਿੱਚਰਾਂ ਤੇ ਮਸ਼ਕਰੀਆਂ।
ਮਨਚਾਹੇ ਕਿਸੇ ਜਾਨੀ ਦੇ ਨਾਲ

ਅੱਖ ਲੜਾਉਂਦੀਆਂ ! ਪੇਚੇ ਪਾਉਂਦੀਆਂ !!
ਪੰਚ ਅਤੇ ਪਤਵੰਤੇ ਪਿੰਡ ਦੇ
ਬਹੁਤ ਸਿਆਣੇ ਬੀਬੋ ਰਾਣੇ
ਇਕ ਦੋਂਹ ਮੰਜੀਂ ਸਜ ਧਜ ਬਹਿੰਦੇ
ਉਹਨਾਂ ਤੋਂ ਵੀ ਅੱਖ ਬਚਾਉਂਦੀਆਂ।
ਅਤੇ ਕਵੀਸ਼ਰ ਚਾਚਾ ਆਪਣਾ
ਜੰਨ ਛੁਡਾਉਂਦਾ !
ਮੁੱਛਾਂ ਉੱਤੇ ਹੱਥ ਫੇਰ ਕੇ
ਚੋਂਦੇ ਚੋਂਦੇ ਛੰਦ ਸੁਣਾਉਂਦਾ।
ਕਿਸੇ ਜਾਣੂੰ ਨੂੰ ਅੱਖ ਮਾਰ ਕੇ
ਕੀਕਰ ਸੀ ਦਾਰੂ ਮੰਗਵਾਉਂਦਾ।
ਕਿਸੇ ਬਹਾਨੇ ਛੰਦ ਰੋਕ ਕੇ
ਕਿਵੇਂ ਸੀ ਫੇਰ ਗਲਾਸੀ ਲਾਉਂਦਾ।
ਚੜ੍ਹੀ ਉਮਰ ਵਿਚ ਉਹ ਕੁੜੀਆਂ ਦੇ ਅੰਗ ਤਾੜਦਾ
ਪਰ ਆਪਣੇ ਨਿੱਕੇ ਗੁਣ ਕਾਰਨ
ਸਾਰੀ ਜੰਨ ਤੇ ਸਾਰੇ ਵਿਆਹ 'ਤੇ
ਕੀਕਰ ਸੀ ਬੱਦਲ ਬਣ ਛਾਉਂਦਾ।

ਚੇਤੇ ਕਰ ਮਨ !
ਧਰਮਸਾਲਾ ਵਿਚ ਜੰਨ ਉੱਤਰਦੀ
ਜਦ ਲੱਗਦਾ ਸੀ ਵਾਜਾ ਮਿੱਤਰਾ
ਜਾਨੀ ਆਪਸ ਵਿਚ ਝਗੜਦੇ
ਦਾਰੂ ਪੀ ਕੇ ਤਵਿਆਂ ਖ਼ਾਤਰ।
ਆੜੀਆਂ ਦੇ ਨਾਲ ਓਦੋਂ ਆਪਾਂ
ਵਾਜੇ ਵਾਲੇ ਮੁੱਢ ਬਹਿੰਦੇ ਸਾਂ



ਜਦੋਂ ਫੇਰ ਉਹ ਤਵਾ ਬਦਲਦਾ
ਆਪਣੇ ਦੰਦੀਂ ਸੂਈ ਟੰਗਦਾ
ਚਾਬੀ ਦੇ ਕੇ ਥੱਲੇ ਸੁੱਟਦਾ
ਕੀਕਰ ਟੁੱਟ ਕੇ ਪੈ ਜਾਂਦੇ ਸਾਂ।
ਤੇ ਉਹ ਸੂਈ ਹੱਥ ਆਵਣ 'ਤੇ
ਅਕਬਰ ਵਰਗੇ ਬਣ ਜਾਂਦੇ ਸਾਂ
ਜੱਗ ਦੀਆਂ ਮਿਲਖ਼ਾਂ ਲੈ ਬਹਿੰਦੇ ਸਾਂ।

ਹੇ ਮਨ ਮੀਤਾ !
ਭੁੱਲ ਸਕਦੇ ਹਨ ਉਹ ਦਿਨ ਪਿਆਰੇ ?
ਗੁਰਪੁਰਬ 'ਤੇ ਢਾਡੀ ਜਦ ਢੱਡਾਂ ਖੜਕਾਉਂਦੇ।
ਉੱਲਰ-ਉੱਮਲ ਗ਼ਜ਼ ਫੇਰ ਸਾਰੰਗੀ
ਸਿੱਖੀ ਦੇ ਪ੍ਰਸੰਗ ਛੇੜਦੇ
ਸਤਿਗੁਰੂਆਂ ਦੀ ਮਹਿਮਾ ਗਾਉਂਦੇ।
ਆਪਾਂ ਖੋਰੀ ਉੱਤੇ ਬੈਠੇ
ਸੱਪਾਂ ਵਾਂਗੂੰ ਕਿਵੇਂ ਮੇਲ੍ਹਦੇ
ਦਿਲੋਂ ਵਜਦ ਵਿਚ
ਮੋਰਾਂ ਵਾਂਗੂੰ ਪੈਲਾਂ ਪਾਉਂਦੇ !

ਮਨਾਂ ਭੋਲਿਆ !
ਹੁਣ ਖ਼ਰਬੂਜ਼ਿਆਂ ਦੇ ਉਹ ਵਾੜੇ
ਮੁੜ ਆਵਣਗੇ ?
ਮੰਜੀਏਂ ਸੁੱਤੇ ਰਾਖੇ ਬਾਬੇ
ਪੈੜ-ਚਾਲ ਨਾਲ ਜਾਗ ਪੈਣਗੇ ?
ਰੰਗੇ ਹੱਥੀਂ ਫੜੇ ਜਾਵਾਂਗੇ ?
ਓਵੇਂ ਪਿੰਡ ਨੂੰ ਭੱਜ ਸਕਾਂਗੇ ?



ਨਾ ਮਨ ਯਾਰਾ ਇਹ ਸਾਰਾ ਕੁਝ
ਹੁਣ ਨਹੀਂ ਹੋਣਾ! ਹੋ ਨਹੀਂ ਸਕਣਾ!!

ਨਾ ਹੁਣ ਆਪਾਂ ਤੋੜ ਕੇ ਛੱਲੀਆਂ
ਖੂਹ ਦੀ ਪੈੜ 'ਚ ਧੂਣੀ ਲਾ ਕੇ
ਓਵੇਂ ਦੋਧੇ ਚੱਬ ਸਕਣੇ ਹਨ
ਨਾ ਚਾਨਣੀ ਰਾਤ 'ਚ ਆਪਾਂ
ਚੋਰੀ ਦੇ ਭੰਨ ਮਿੱਠੇ ਗੰਨੇ
ਨਾਲ ਆੜੀਆਂ ਬੈਠ ਚੂਪਣੇ।
ਨਾ ਹੀ ਤਿੱਖੜ-ਦੁਪਹਿਰੇ ਆਪਾਂ
ਪੁੱਟ, ਹਰੀ ਕੰਡ ਵਾਲੇ ਛੋਲੇ
ਮੋਹੜੀਆਂ ਉੱਤੇ ਕਰਨੀਆਂ ਹੋਲਾਂ
ਹੱਥ ਕਾਲੇ ਕਰ ਤੱਤੀਆਂ ਖਾ ਕੇ
ਸੁਆਦ ਸੁਆਦ ਹੀ ਹੋ ਸਕਣਾ ਹੈ।

ਨੰਗੇ ਪੈਰੀਂ ਆੜ 'ਚ ਤੁਰ ਕੇ
ਨਾ ਪਾਣੀ ਨਾਲ ਕਰਨੀਆਂ ਗੱਲਾਂ
ਨਾ ਬਰਸੀਮ 'ਚੋਂ ਫੁੱਲ ਕਾਸ਼ਨੀ
ਹੁਣ ਅੱਖਾਂ ਨੇ ਚੁਗ ਸਕਣੇ ਹਨ।
ਨਾ ਉੱਡਦੇ ਰੰਗੀਨ ਟਟਹਿਣੇ
ਓਸ ਤਰ੍ਹਾਂ ਬੇਫ਼ਿਕਰ ਪਲਾਂ ਵਿਚ
ਭੱਜ ਭੱਜ ਆਪਾਂ ਫੜ ਸਕਣੇ ਹਨ।

ਹੁਣ ਤਾਂ ਜ਼ਿੰਦਗੀ ਕਿਸ਼ਤਾਂ ਹਾਰੀ
ਹੁਣ ਇਹ ਜ਼ਿੰਦਗੀ ਆਪਣੀ ਨਹੀਂ ਹੈ
ਜਿਉਂ ਆਪਾਂ ਜਿੰਦ ਗਹਿਣੇ ਪਾਈ
ਆਪਾਂ ਹਾਂ ਪਰਦੇਸੀ ਬੰਦੇ।



ਨਾ ਏਧਰ ਦੇ ਨਾ ਓਧਰ ਦੇ
ਕਿਸੇ ਸਮੁੰਦਰੀ ਪੰਛੀ ਵਰਗੇ
ਕਦੇ ਕਦੇ ਲਹਿਰਾਂ ਤੇ ਬਹਿੰਦੇ।
ਬਹਿ ਜਾਂਦੇ ਪਰ ਫੇਰ ਉੱਡੰਦੇ
ਧਰਤ ਆਕਾਸ਼ 'ਚ ਹਾਂ ਲਟਕੰਦੇ।

ਛੱਡ ਮਨਾਂ ਚੱਲ! ਸੋਹਣਿਆ ਯਾਰਾ
ਖੋਲ੍ਹ ਲਈ ਕੀ ਯਾਦ-ਪਟਾਰੀ।
ਸੁੱਤੇ ਸਨ ਸੁਰਤਾਂ ਦੇ ਪਾਣੀ
ਇਹ ਕੇਹੀ ਆ ਕੰਕਰ ਮਾਰੀ।
ਉੱਛਲ ਪਿਆ ਹੈ ਦਿਲ ਦਾ ਸਰਵਰ
ਚਿੱਤ ਨੂੰ ਲੱਗੀ ਇਕ ਚਿਤਮਣੀ
ਬਚਪਨ ਗਿਆ ਤੇ ਪਿੰਡ ਵੀ ਛੁੱਟਾ
ਭਰ ਲਈ ਲੰਮੀ ਇਕ ਉਡਾਰੀ।

ਇਕ ਅਸਾਂ ਦੀ ਚੀਜ਼ ਗੁਆਚੀ
ਮੋੜ ਦੇਵੇ ਭਾਵੇਂ ਚਾਰ ਦਿਨਾਂ ਲਈ
ਮੋੜ ਦੇਵੇ ਕੋਈ ਹੱਥ ਉਧਾਰੀ।
ਪਿੰਡ ਵਿਚ ਮਾਣੀ ਬਚਪਨ ਦੀ ਰੁੱਤ
ਪਿਆਰੀ ਪਿਆਰੀ ਉਹ ਕਰਤਾਰੀ!

ਮਨਾਂ ਮੇਰਿਆ!
ਪਰਦੇਸਾਂ ਦੇ ਰੰਗ ਮਾਣਦਿਆ
ਥਲ ਦੀ ਕੱਕੀ ਰੇਤ ਛਾਣਦਿਆ
ਇਕ ਤਮ੍ਹਾ ਲਈ ਭੱਜਦਿਆਂ ਨੱਸਦਿਆ
ਇਕ ਤ੍ਰਿਸ਼ਨਾ ਹਿਤ ਨਿਸ ਦਿਨ ਹਫ਼ਦਿਆ।

ਜ਼ਿੰਦਗੀ ਦੀ ਜੂਹ ਗਾਹ ਦੇਖਿਆ

ਬੰਦੇ ਬੰਦਿਆਂ ਨੂੰ ਚਾਰ ਰਹੇ ਹਨ
ਚਿੱਤ ਕਰਦਾ ਹੈ ਬਚਪਨ ਵਾਂਗੂੰ
ਫਿਰ ਮਹੀਆਂ ਦੇ ਸੰਗਲ ਲਾਹੀਏ
ਅੱਥਰੀਆਂ ਗਾਵਾਂ ਖੁੱਲ੍ਹੀਆਂ ਛੱਡੀਏ
ਡੱਬ-ਖੜੱਬੀਆਂ ਛੇੜ ਬੱਕਰੀਆਂ
ਲੰਮੀ ਢਾਂਗੀ ਮੋਢੇ ਧਰ ਕੇ
ਚਿੱਟਾ ਧੂਹਵਾਂ ਬੰਨ੍ਹ ਚਾਦਰਾ
ਮੌਜ-ਤਵੀਤੀ ਗਲ ਵਿਚ ਪਾਈਏ।

ਇਹ ਜ਼ਿੰਦਗੀ ਅਸਲੀਅਤ ਦਾ
ਇਕ ਤਪਦਾ ਥਲ ਹੈ
ਸਖ਼ਤ ਧੌੜੀ ਦੇ ਪੈਰਾਂ ਦੇ ਵਿਚ ਮੌਜੇ ਪਾ ਕੇ
ਛੇੜ ਬੱਕਰੀਆਂ ਰੋਹੀ ਫਿਰੀਏ
ਕੁਦਰਤ ਦੇ ਨਾਲ ਗੱਲਾਂ ਕਰੀਏ
ਆਪਣੇ ਰੱਬ ਨਾਲ ਰਿਸ਼ਤਾ ਗੰਢੀਏ
ਬੇਫ਼ਿਕਰੀ ਦੀ ਜੂਨ ਹੰਢਾਈਏ!
ਮਨ ਮਿੱਤਰ ਜੀ ਪਸ਼ੂ ਚਾਰੀਏ
ਆ ਉਹਨਾਂ ਦੇ ਗਲ ਲੱਗ ਜਾਈਏ।


ਆ ਮਨ!
ਹੁਣ ਫਿਰ ਰੰਬੀ ਫੜ ਕੇ
ਕੱਛ ਵਿਚ ਗੁੱਛ-ਮੁੱਛ ਚਾਦਰ ਦੇਈਏ
ਲੈਰੀਆਂ ਕਣਕਾਂ ਵਿਚ ਵੜ ਜਾਈਏ
ਵੇਲ-ਬੂਟੀ ਉਹ ਸੋਹਣੀ ਸੋਹਣੀ, ਠੰਢੀ ਕੂਲੀ
ਖੋਤ ਖੋਤ ਕੇ ਮਗਰੀ ਭਰੀਏ
ਭਰ ਕੇ ਅਪਣੇ ਘਰ ਲੈ ਆਈਏ



ਅਤਿ ਪਿਆਰੀਆਂ ਬੱਕਰੀਆਂ ਜੋ
ਸਾਨੂੰ ਤਾਂਘਣ ਅਤੇ ਉਡੀਕਣ
ਉਹਨਾਂ ਮੂਹਰੇ ਢੇਰੀ ਕਰੀਏ
ਉਹਨਾਂ ਨੂੰ ਹੱਥੀਂ ਵਰਤਾਈਏ!

ਮਨਾਂ ਲੋਭੀਆ!
ਮੋਹ ਦਿਆ ਮੱਤਿਆ! ਤ੍ਰਿਸ਼ਨਾ ਗੱਤਿਆ!!
ਰੰਗੀਨੀ ਦੇ ਸਾਰੇ ਸਾਗਰ
ਤੂੰ ਬਾਹਾਂ ਨਾਲ ਤਰ ਲੀਤੇ ਹਨ।
ਦੁਨੀਆ ਦੇ ਕੁੱਲ ਰੰਗਲੇ ਪਾਣੀ
ਆਪਣੇ ਬੁੱਕੀਂ ਭਰ ਲੀਤੇ ਹਨ
ਡੀਕਾਂ ਲਾ ਲਾ ਤੂੰ ਪੀਤੇ ਹਨ।

ਪਰ ਉਹ ਸ਼ਾਮ ਤਾਂ ਨਹੀਂ ਨਾ ਮਿਲਣੀ
ਨਾ ਹੁਣ ਵਿਹੜੇ ਕੁਤਰਾ ਕਰਨਾ
ਉਹ ਸੇਂਜੀ, ਬਰਸੀਮ, ਚਟ੍ਹਾਲੇ
ਹਰੇ ਹਰੇ ਤੇ ਕੂਲੇ ਕੂਲੇ
ਜਿਹਨਾਂ ਵੱਢਦੇ ਜੀਅ ਲੱਗਦਾ ਸੀ
ਕੁਤਰਦਿਆਂ ਦਾ ਦਿਲ ਭਰਦਾ ਸੀ
ਮੋਹ-ਖੋਰੇ ਪਸ਼ੂਆਂ ਨੂੰ ਪਾਉਣੇ।



ਗੋਰੇ ਬਲਦ ਮੀਣੀਆਂ ਮਹੀਆਂ
ਨਿੱਕੇ ਵੱਡੇ ਕੱਟੇ ਵੱਛੀਆਂ
ਖੁਰਲੀਆਂ ਵਿਚੋਂ ਪੱਠੇ ਖਾਂਦੇ
ਕਦੇ ਹੂਰਦੇ ਤੇ ਖੁਰ ਵੱਢਦੇ
ਰੰਭਦੇ ਕਦੇ ਤੇ ਪਿਆਰ ਜਤਾਂਦੇ।
ਲਾਡ 'ਚ ਹੱਥ ਬਾਹਾਂ ਨੂੰ ਚੱਟਦੇ

ਅੱਖਾਂ ਮੁੰਦ ਉਗਾਲੀ ਕਰਦੇ
ਆਪਸ ਦੇ ਵਿਚ ਸਿੰਗ ਫਸਾਂਦੇ।
ਖੁੱਲ੍ਹਦੇ ਕਦੇ ਕਿੱਲੇ ਪਟਵਾਂਦੇ
ਵਿਹੜੇ ਵੀਹੀ ਦੁੜੰਗੇ ਲਾਂਦੇ।
ਹੁਣ ਤਾਂ ਯਾਰਾ ਉਹਨਾਂ ਬੇਜ਼ੁਬਾਨ ਜਿਹਿਆਂ ਨੂੰ
ਪਸ਼ੂ ਕਹਿੰਦਿਆਂ ਮਨ ਕੰਬਦਾ ਹੈ!

ਹੁਣ ਤਾਂ ਚਾਰ-ਚੁਫ਼ੇਰੇ ਬੰਦੇ ਹੀ ਹਨ
ਬੰਦੇ ਆਉਂਦੇ, ਜਾਂਦੇ ਬੰਦੇ।
ਗੁੰਝਲਦਾਰ ਸਿਆਸੀ ਜੇਹੇ
ਪੇਚਾਤਰ ਜਿਹੇ ਜੰਗ-ਪਲੰਗੇ।
ਘਰ ਵਿਚ ਕੋਈ ਪਸ਼ੂ ਨਹੀਂ ਹੈ
ਪਿਆਰਾ ਪਿਆਰਾ ਭੋਲਾ ਭਾਲਾ
ਜਿਸ ਨੂੰ ਪੱਠੇ ਪਾਉਂਦੇ ਆਪਾਂ ਮਨ ਵਰਚਾਈਏ।
ਤੇ ਦੇਈਏ ਕੋਈ ਮੋਹ ਦੀ ਥਾਪੀ
ਉੱਤਰ ਜਾਣ ਸਭ ਮਨ ਦੇ ਸੰਸੇ
ਨੌਂ-ਬਰ-ਨੌਂ ਆਪਾਂ ਹੋ ਜਾਈਏ।

ਮਗ਼ਜ਼-ਖਪਾਈ ਅਤੇ ਸਫ਼ਾਈ
ਕੁੱਲ ਘੁਣਤਰਾਂ ਅਤੇ ਦਾਨਾਈ
ਹੁਣ ਇਹਨਾਂ ਤੋਂ ਅੱਕ ਗਏ ਹਾਂ।
ਉੱਡੇ ਬੜੇ ਉਕਾਬਾਂ ਵਾਂਗੂੰ
ਪੜ੍ਹਿਆ ਜੱਗ ਕਿਤਾਬਾਂ ਵਾਂਗੂੰ
ਪੱਥਰ ਚੱਟ ਕੇ ਮੁੜੀਆਂ ਮੱਛੀਆਂ
ਹੁਣ ਤਾਂ ਯਾਰਾ ਥੱਕ ਗਏ ਹਾਂ!

ਹੁਣ ਚਿੱਤ ਕਰਦੈ



ਪਿੰਡ ਮੁੜ ਚੱਲੀਏ
ਪਿਆਰੇ ਘਰ ਦੀ ਛੱਤ ਦੇ ਉੱਤੇ
ਨਿੱਕੀ ਜਿਹੀ ਇਕ ਮੰਜੀ ਡਾਹੀਏ।

ਕਿਸੇ ਮੋਟਰ ਦੀ ਗੂੰਜ ਪਵੇ ਜਦ
ਧਰਮਸਾਲਾ ਵਿਚ ਕੋਈ ਜੰਨ ਉੱਤਰੇ
ਮੰਜੇ ਫੜਨ ਦਾ ਰੌਲਾ ਪੈ ਕੇ
ਜੋੜੇ ਮੰਜੀਂ ਸਪੀਕਰ ਲੱਗੇ
ਗਈ ਰਾਤ ਤਕ ਸੁਣੀਏ 'ਵਾਜਾਂ'।

ਤਵੇ ਤਾਂ ਸੁਣੀਏ ਰੂਹ ਦੇ ਹਾਣੀ
ਫ਼ਿਕਰ ਸਕੂਲ ਦਾ ਵਿੱਸਰ ਜਾਵੇ
ਤਾਰਿਆਂ ਦੀ ਦੌਲਤ ਵੀ ਲੁੱਟੀਏ
ਚੰਨ-ਚਾਨਣੀ ਚੋਰੀ ਕਰੀਏ
ਹਵਾ ਰੁਮਕਦੀ ਨਾਲ ਸਵਾਈਏ
ਫਿਰ ਸਾਨੂੰ ਨੀਂਦਰ ਆ ਜਾਵੇ
ਤਨ ਮਨ ਦੇ ਸਭ ਦੁੱਖ ਵੰਵਾਈਏ।

ਸੁਪਨੰਤਰਿਆ! ਮਨਾਂ ਮੇਰਿਆ!!
ਕੱਲ੍ਹ ਮੇਲਾ ਹੈ ਬਹੁਤ ਸੁਹੇਲਾ
ਚਿੱਤ ਕਰਦਾ ਹੈ ਫਿਰ ਓਵੇਂ ਹੀ
ਆ ਬੇਬੇ ਤੋਂ ਪੈਸੇ ਮੰਗੀਏ
ਆ ਬਾਪੂ ਨਾਲ ਠੱਗੀ ਕਰੀਏ
ਫੇਰ ਸਵੇਰੇ ਮੂੰਹ-ਹਨੇਰੇ
ਸੁੱਤੇ ਧੰਨੇ ਤਾਈਂ ਜਗਾਈਏ।
ਸੁੱਤ-ਉਨੀਂਦੇ ਤੋਂ ਹੀ ਯਾਰਾ
ਨਵੇਂ ਝੱਗੇ ਦੇ ਕਾਜ ਕਰਾਈਏ।



ਸਭ ਪਾਸਿਆਂ ਤੋਂ ਮਿਲੀ ਭਾਨ ਨੂੰ
ਖੀਸੇ ਪਾ ਬਕਸੂਆ ਲਾਈਏ।
ਇਕ ਦੂਜੇ ਨੂੰ ਢੂੰਹਦੇ ਢੂੰਹਦੇ
ਇਕ ਦੂਜੇ ਨੂੰ ਧੂੰਦੇ ਧੂੰਦੇ
ਭੀੜ ਮੇਲੇ ਦੀ ਵਿਚ ਵੜ ਜਾਈਏ।
ਫਿਰ ਓਵੇਂ ਚੰਡੋਲ ਝੂਟੀਏ
ਓਵੇਂ ਗੌਣ ਸਰਾਂ ਬਹਿ ਸੁਣੀਏ
ਓਵੇਂ ਸੁਆਦ ਸੁਆਦ ਹੋ ਜਾਈਏ।

ਠੰਢੀਆਂ ਮਿੱਠੀਆਂ ਅਤੇ ਮਤੀਰੇ
ਓਵੇਂ ਸਾਡਾ ਤਨ ਮਨ ਠਾਰਨ
ਫਿਰ ਖੀਸੇ 'ਚੋਂ ਪੈਸੇ ਮੁੱਕਣ
ਨਿੰਮੋਝੂਣੇ ਅਤੇ ਉਦਾਸੇ
ਆਪਾਂ ਆਪਣੇ ਪਿੰਡ ਨੂੰ ਆਈਏ।

ਆ ਮਨ! ਆਪਣੀ 'ਮੈਂ' ਨੂੰ ਭੰਨੀਏ
ਤਨ ਦੇ ਸਾਰੇ ਵਸਤਰ ਲਾਹੀਏ।
ਦੁਨੀਆ ਦੇਖੇ, ਦੁਨੀਆ ਹੱਸੇ
ਨੰਗ-ਧੜੰਗੇ ਹੀ ਹੋ ਜਾਈਏ।
ਜ਼ਿੰਦਗੀ ਚਿੱਠੀ ਕੌੜੀ ਮਿੱਠੀ
ਜਿਹੋ ਜਿਹੀ ਹੈ
ਇਸ ਤੋਂ ਯਾਰ ਲਿਫ਼ਾਫ਼ਾ ਲਾਹੀਏ।
ਜੁਰਮ ਤਾਂ ਹੈ ਨਹੀਂ
ਜੇ ਹੋਵੇ ਤਾਂ ਇਹ ਵੀ ਕਰੀਏ
ਕੈਦੀ ਵਾਂਗੂੰ ਕੰਧਾਂ ਟੱਪ ਕੇ
ਆ ਇਸ ਮਿੱਠੀ ਜੇਲ੍ਹ ਨੂੰ ਭੰਨੀਏਂ
ਖੁੱਲ੍ਹ-ਖਲਾਸੇ ਅਤੇ ਹੱਸਾਸੇ



ਮਸਤ ਮੋਰ ਬਣ ਪੈਲਾਂ ਪਾਈਏ।

ਮਨਾਂ ਕਮਲਿਆ! ਮੇਲੇ ਆਇਆ!!
ਭਾਨ ਤਾਂ ਮੁੱਕ ਗਈ
ਸ਼ਾਮ ਢਲੀ ਹੈ
ਹੁਣ ਤਾਂ ਘਰ ਨੂੰ ਮੁੜਨਾ ਪੈਣਾ।
ਇਹ ਸਾਰੇ ਹਨ ਰੰਗ ਕਸੁੰਭੇ
ਏਥੋਂ ਤੈਨੂੰ ਤੁਰਨਾ ਪੈਣਾ।

ਦਿਨ ਸਨ ਜੋ ਕੇਸੂ ਫੁੱਲ ਵਰਗੇ
ਕਿਸੇ ਜੁਆਨੀ ਦੀ ਭੁੱਲ ਵਰਗੇ
ਆ ਇਹਨਾਂ ਨੂੰ ਖੀਸੇ ਪਾ ਕੇ
ਆਪਣੇ ਤਨ ਦੇ ਨਾਲ ਨਾਲ ਰੱਖ
ਆਪਣੇ ਮਨ ਦੇ ਨਾਲ ਹੰਢਾਈਏ।
ਸਹੁਰੇ ਤੁਰਦੀ ਧੀ ਦੇ ਵਾਂਗੂੰ
ਆ ਇਹਨਾਂ ਨੂੰ ਗਲ ਨਾਲ ਲਾਈਏ।

ਮਨਾਂ ਮੂਰਖਾ!
ਮਹਾਂਨਗਰ ਦੀ ਇਹ ਰੰਗੀਨੀ
ਸੱਚ ਵੀ ਹੈ ਪਰ ਸੱਚ ਨਹੀਂ ਹੈ।
ਇਹ ਜੋਗੀ ਦੇ ਕੰਨ ਦੀਆਂ ਮੁੰਦਰਾਂ
ਕੱਚ ਵੀ ਹੈ ਪਰ ਕੱਚ ਨਹੀਂ ਹੈ।
ਆ ਇਹ ਮੁੰਦਰਾਂ ਕੰਨੀਂ ਪਾ ਕੇ
ਦਿਲ ਦਾ ਫ਼ਨੀਅਰ ਨਾਗ ਭਰਾਵਾ
ਆਪਾਂ ਵਿਚ ਪਟਾਰੀ ਪਾਈਏ।
ਗਲ ਦੀਆਂ ਝੂਠੀਆਂ ਲਾਹ ਨਿਕਟਾਈਆਂ
ਆ ਆਪਾਂ ਗਲ ਕਫ਼ਨੀ ਪਾਈਏ।
ਹੋ ਕੇ ਮਸਤ-ਮਲੰਗ ਜਿਹੇ ਮਿੱਤਰਾ

ਬੀਨ ਵਜਾਉਂਦੇ ਅਲਖ ਜਗਾਉਂਦੇ
ਆਪਣੇ ਪਿੰਡ ਦੀ ਜ਼ਿਆਰਤ ਕਰੀਏ
ਘਰ ਦੀ ਸਰਦਲ ਸੀਸ ਨਿਵਾਈਏ।

ਆਪਾਂ ਹਾਂ ਹੁਣ ਪੱਤ ਪੁਰਾਣੇ
ਖ਼ਬਰੇ ਕਿਸ ਪਲ ਕਿਰ-ਕੁਰ ਜਾਣਾ
ਖ਼ਬਰੇ ਕਿਸ ਪਲ ਤੁਰ ਤਰ ਜਾਣਾ
ਸਭ ਸਾਮਾਨ ਪਏ ਹਨ ਬੱਧੇ
ਤੁਰਨੋਂ ਪਹਿਲਾਂ ਪਿਆਰੇ ਪਿੰਡ ਨੂੰ
ਇਕ ਵਾਰੀ ਤਾਂ ਮਿਲ-ਗਿਲ ਆਈਏ
ਚੱਲ ਕੇ ਉਸਦੇ ਦਰਸ਼ਨ ਪਾਈਏ।

ਮਨਾਂ ਮੇਰਿਆ! ਹੀਰਿਆ ਹਰਨਾ!!
ਤੇਰਿਆਂ ਸਿੰਗਾਂ 'ਤੇ ਕੀ ਸੀ ਲਿਖਿਆ
ਲਿਖਿਆ ਸੀ ਦੇਸ ਬਿਗ਼ਾਨਾ।
ਪੈਰੀਂ ਤਾਂ ਤੇਰੇ ਥਲ ਸੀ ਲਿਖਿਆ ?
ਚੁੰਗੀਆਂ ਭਰਨ ਬਹਾਨਾ।
ਅੱਖਾਂ 'ਚ ਤੇਰੇ ਹੰਝ ਲਿਖੇ ਸੀ
ਬੁੱਲ੍ਹੀਂ ਤੇਰੇ ਮੁਸਕਾਨਾਂ।
ਲੂਅ ਨੂੰ ਪਾਣੀ ਸਮਝ ਭਟਕਿਆ
ਤੂੰ ਸੀ ਕਿਥੋਂ ਦਾ ਦਾਨਾ ?


ਮਨਾਂ ਮੇਰਿਆ!
ਜੱਗ ਦਾ ਚੱਪਾ ਚੱਪਾ ਗਾਹ ਕੇ
ਚੰਨ ਸਿਤਾਰੇ ਝੋਲੀ ਪਾ ਕੇ
ਕੀ ਕਰਿਆ ?
ਮਨ ਭਰਿਆ ਹੈ!



ਦੇਖ ਮਨਾਂ! ਕਿ ਆਪਾਂ ਜਿਊੜੇ
ਮੋਹ-ਮਾਇਆ ਦਾ ਮੱਕੜੀ ਜਾਲਾ
ਚਾਰ-ਚੁਫ਼ੇਰੇ ਤਣ ਲੈਂਦੇ ਹਾਂ।
ਸੋਚਾਂ ਤੇ ਤਕਰੀਬਾਂ ਘੜ ਘੜ
ਬਣਤ-ਬਣੌਤਾਂ ਵਿਉਂਤਾਂ ਕਰ ਕਰ
ਆਪਣੇ ਜਾਣੇ ਚਾਤਰ-ਸ਼ਾਤਰ
ਸੁੱਘੜ-ਸਿਆਣੇ ਬਣ ਬਹਿੰਦੇ ਹਾਂ।

ਇਕ ਤਮ੍ਹਾਂ ਦੇ ਲੁੱਟੇ-ਪੁੱਟੇ
ਤ੍ਰਿਸ਼ਨਾ ਦੀ ਇਕ ਲੈ ਚਿੰਗਾੜੀ
ਹੱਥੀਂ ਆਪਣੀ ਹਿੱਕ 'ਤੇ ਧਰ ਕੇ
ਆਪਣੇ ਬੁੱਲ੍ਹੀਂ ਫੂਕ ਮਾਰ ਕੇ
ਆਪਣਾ ਆਪ ਮਘਾ ਲੈਂਦੇ ਹਾਂ।
ਗਿੱਲੇ ਗੋਹੇ ਵਾਂਗੂੰ ਧੁਖ ਧੁਖ
ਆਪਣਾ ਆਪ ਮੁਕਾ ਲੈਂਦੇ ਹਾਂ।

ਮਨ ਮਿੱਤਰਾ! ਇਹ ਖ਼ਾਹਸ਼ਾਂ ਰੀਝਾਂ
ਨਿੱਕੀਆਂ ਨਿੱਕੀਆਂ ਘਰ ਦੀਆਂ ਚੀਜ਼ਾਂ
ਵਰ੍ਹਿਆਂ ਬੱਧੀ ਅਸੀਂ ਚਿਤਵੀਏ
ਇਹਨਾਂ ਦੇ ਲਈ
ਭੱਜੀਏ ਨੱਸੀਏ ਹਫ਼ੀਏ ਖਫ਼ੀਏ
ਔਖੇ ਹੋ ਹੋ ਕਿਵੇਂ ਬਣਾਈਏ।
ਬਣ ਜਾਵਣ ਤੇ ਖੁਸ਼ ਖੁਸ਼ ਹੋਈਏ
ਅੰਬਰਾਂ ਦੇ ਵਿਚ ਉੱਡ ਉੱਡ ਜਾਈਏ।
ਤੇ ਇਹਨਾਂ ਦੇ ਮਾਲਕ ਬਣ ਕੇ
ਮੋਰਾਂ ਵਾਂਗੂੰ ਪੈਲਾਂ ਪਾਈਏ।
ਮ੍ਰਿਗ-ਤ੍ਰਿਸ਼ਨਾ ਪਰ ਨਾ ਮੁੱਕੇ



ਅਸੀਂ ਆਦਮੀ ਮਰ-ਮੁੱਕ ਜਾਈਏ।

ਮੇਰਿਆ ਮਿੱਤਰਾ!
ਬਾਬਾ ਨਾਨਕ ਬੋਲੇ! ਕੂਕੇ!!
ਇਹ ਮਾਇਆ ਹੈ ਰੰਗ ਕਸੁੰਭਾ
ਇਹ ਮਾਇਆ ਹੈ ਛੂਹਣ-ਛੁਹਾਈ।
"ਇਸ ਜਰ ਕਾਰਣਿ ਘਣੀ ਵਿਗੁਤੀ
ਇਨਿ ਜਰ ਘਣੀ ਖੁਆਈ॥
ਪਾਪਾ ਬਾਝਹੁ ਹੋਵੈ ਨਾਹੀ
ਮੁਇਆ ਸਾਥ ਨ ਜਾਈ॥"

ਮਨਾਂ ਮੂਰਖਾ! ਭਰ ਲੈ ਚੁੰਗੀਆਂ
ਰਹਿੰਦੀਆਂ ਵੀ ਤੂੰ ਗਾਹ ਲੈ ਜੂਹਾਂ।
ਚਰ ਲੈ ਹਰੀਆਂ ਕੱਢ ਲੈ ਕੁੱਖਾਂ
ਆਦਮ ਦੀਆਂ ਨਾ ਮਿਟੀਆਂ ਭੁੱਖਾਂ
ਮਾਣ ਮਾਣ ਨਾ ਰੱਜੀਆਂ ਰੂਹਾਂ!

ਗੁਰਾਂ ਕਿਹਾ ਸੀ 'ਜਗਤ ਤਮਾਸਾ'
ਵੇਖ ਨਾ ਰੱਜਣਾ ਮਰ ਮੁੱਕ ਜਾਣਾ।
ਤੇਰੀ ਅੱਖ ਨੂੰ ਸੋਨਾ ਲੱਗਦਾ
ਮਿੱਤਰਾ ਇਹ ਹੈ ਕੱਕਾ ਰੇਤਾ
ਇਕ ਦਿਨ ਏਸੇ ਵਿਚ ਸਮਾਣਾ।

ਮਨ ਭਰਿਆ ਹੈ! ਚਿੱਤ ਕਰਿਆ ਹੈ
ਮੇਰਿਆ ਮਿੱਤਰਾ ਮਰਨੋਂ ਪਹਿਲਾਂ
ਆਪਾਂ ਆਪਣੇ ਪਿੰਡ ਮੁੜ ਚੱਲੀਏ
ਉਸਦੀ ਧੂੜ ਮੱਥੇ ਜਾ ਲਾਈਏ!
ਜੁਗ ਦੇ ਵਿਛੜੇ ਧਾਅ ਗਲ ਮਿਲੀਏ
ਫੇਰ ਭਲਾ ਭਲਕੇ ਮਰ ਜਾਈਏ!!



*



## ਨਿੱਕੇ ਨਿੱਕੇ ਵਹਿਮ-ਧਨੁੱਸ਼

*

ਵਹਿਮ-ਧਨੁੱਸ਼ ਜਿਹੇ
ਤੋੜਦਿਆਂ ਦੀ ਗੁਜ਼ਰ ਰਹੀ ਹੈ।
ਗੁਜ਼ਰ ਜਾਏਗੀ!

ਹਰ ਵਾਰੀ ਹੀ
ਇਕ ਤਮ੍ਹਾ ਨੇ ਕਦਮਾਂ ਨੂੰ ਇਕ ਚਕਮਾ ਦਿੱਤਾ
ਹਰ ਵਾਰੀ ਹੀ ਆਪਾਂ ਇਕ ਦਰਬਾਰ ਗਏ ਹਾਂ
ਹਰ ਵਾਰੀ ਹੀ ਆਪਾਂ ਕੋਈ ਧਨੁੱਸ਼ ਤੋੜਿਆ।

ਕੌਣ ਸਵੰਬਰ ਆਪਣੇ ਕੋਲੋਂ ਬਚ ਸਕਿਆ ਹੈ ?
ਕੌਣ ਸਵੰਬਰ ਪਰ ਜਿੱਤਿਆ ਹੈ ?
ਜਿੱਤੇ ਵੀ ਤਾਂ
ਹਾਰ ਜਿਹਾ ਅਹਿਸਾਸ ਜਿਹਾ ਸੀ।

ਹਰ ਜਿੱਤ ਮਗਰੋਂ
ਫੇਰ ਕਿਸੇ ਦਰਬਾਰ ਜਾਣ ਦੀ ਇਕ ਲੋਚਾ ਸੀ
ਫੇਰ ਧਨੁੱਸ਼ ਨੂੰ ਤੋੜਨ ਦੇ ਲਈ ਇਕ ਕੋਸ਼ਿਸ਼ ਸੀ।

ਫੇਰ ਧਨੁੱਸ਼ ਨੂੰ ਤੋੜ ਲਿਆ ਸੀ
ਇਸ ਤੋਂ ਮਗਰੋਂ ਵੀ ਪਰ ਇਹੋ ਹੀ ਚੱਕਰ ਸੀ।


ਲੱਖ ਸਵੰਬਰ ਜਿੱਤ ਕੇ ਆਪਾਂ ਖ਼ਾਲੀ ਖ਼ਾਲੀ।
ਲੱਖ ਧਨੁੱਸ਼ਾਂ ਤੋੜ ਤੋੜ ਵੀ ਆਪਾਂ ਵਿਰਵੇ।

ਹੁਣ ਵੀ ਆਪਾਂ ਵਹਿਮ-ਧਨੁੱਸ਼ ਨੂੰ ਤੋੜ ਲਿਆ ਹੈ
ਕੀ ਖੱਟਿਆ ਹੈ ?

ਕੱਲ੍ਹ ਨੂੰ ਆਪਾਂ ਫੇਰ ਕਿਸੇ ਦਰਬਾਰ ਤੁਰਾਂਗੇ।
ਫਿਰ ਕੋਈ ਹੋਰ ਧਨੁੱਸ਼ ਤੋੜਾਂਗੇ।
ਫਿਰ ਖ਼ਾਲੀ ਮਹਿਸੂਸ ਕਰਾਂਗੇ!

ਆਪਣੀ ਵੀ ਬਸ
ਵਹਿਮ-ਧਨੁੱਸ਼ ਜਿਹੇ
ਤੋੜਦਿਆਂ ਦੀ ਗੁਜ਼ਰ ਰਹੀ ਹੈ।
ਗੁਜ਼ਰ ਜਾਏਗੀ!

*





## ਮੋਹ-ਮਹਿਲ ਦੇ ਕਿੰਗਰੇ

*

ਝੱਲਿਆ ਮਨਾਂ!
ਮੋਹ-ਮਹਿਲ ਦੇ ਕਿੰਗਰਿਆਂ ਦਾ ਕੀ ਭਰਵਾਸਾ ?
ਭੁਰਦੇ ਭੁਰਦੇ ਭੁਰ ਜਾਂਦੇ ਹਨ
ਮਾਣ ਨਾ ਕਰੀਏ!

ਮਿੱਤਰ-ਰੁੱਖਾਂ 'ਤੇ ਵੀ ਮੌਸਮ ਆ ਸਕਦਾ ਹੈ
ਹਰਿਆਂ ਪੱਤਿਆਂ ਨੂੰ ਜੁ ਝੱਲਿਆ
ਪੀਲੇ ਭੂਕ ਦਿਖਾ ਸਕਦਾ ਹੈ।
ਨਰਮ-ਕਚੂਰ ਡਾਲੀਆਂ ਉੱਤੇ
ਕੋਈ ਕੋਈ ਕੰਡਾ ਉੱਗ ਸਕਦਾ ਹੈ
ਨਿੱਕੇ ਲੰਮੇ ਉਮਰ ਦੇ ਪੈਂਡੇ
ਕੋਈ ਕੋਈ ਮੁੱਖੜਾ ਪੁੱਗ ਸਕਦਾ ਹੈ।

ਐਵੇਂ ਕਿਉਂ ਫਿਰ ਆਸ਼ਾ ਕਰੀਏ ?
ਇਕ ਦਿਨ ਫੇਰ ਨਿਰਾਸ਼ੇ ਮਰੀਏ।
ਥਲ ਵਿਚ ਮਿਰਗ ਇਕੱਲੇ ਵਾਂਗ
ਉਦਾਸੇ ਰਹੀਏ।
ਮੋਹ-ਪਾਣੀ ਦੀਆਂ ਚਹੁੰ ਬੂੰਦਾਂ ਲਈ
ਦਿਹੁੰ ਤੇ ਰਾਤ ਪਿਆਸੇ ਰਹੀਏ।

ਇਹ ਕਿਧਰ ਦੀ ਭਲਾ ਸਿਆਣਪ ?
ਇਹ ਕਿਧਰ ਦੀ ਦੂਰ-ਦ੍ਰਿਸ਼ਟੀ ?

ਭਾਵੁਕਤਾ ਦੇ ਵਗਦੇ ਪਾਣੀ
ਜਿੰਦ ਦੀ ਜੂਹ ਵਿਚ ਚੱਲਦੇ ਰਹਿਣੇ।
ਨਿੱਕੇ ਵੱਡੇ ਕੁਝ ਪਰਛਾਵੇਂ

ਦਿਲ ਦਾ ਆਂਗਣ ਮਲਦੇ ਰਹਿਣੇ।

ਆ!
ਕਿ ਕੁਝ ਸਿਆਣੇ ਬਣੀਏ।
ਭਾਵੁਕਤਾ ਦੇ ਪਾਣੀ ਲੰਘੀਏ।
ਜ਼ਿੰਦਗੀ ਹੈ—
ਕੋਈ ਸੜਕ ਨਹੀਂ ਹੈ
ਜ਼ਿੰਦਗੀ ਇਕ ਵਗਦਾ ਦਰਿਆ ਹੈ।
ਜਾਂ ਇਹ ਇਕ ਸਾਗਰ ਅਸਗਾਹ ਹੈ।

ਆ! ਕਿ
ਇਸ ਨੂੰ ਸੰਭਲ ਸੰਭਲ ਕੇ ਤਰਦੇ ਜਾਈਏ।
ਐਵੇਂ ਇਹਨਾਂ ਲਹਿਰਾਂ ਦੇ ਨਾਲ
ਏਨਾ ਅੜਿਆ ਮੋਹ ਨਾ ਪਾਈਏ।

ਝੱਲਿਆ ਮਨਾਂ!
ਮੋਹ-ਮਹਿਲ ਦੇ ਕਿੰਗਰਿਆਂ ਦਾ ਕੀ ਭਰਵਾਸਾ
ਭੁਰਦੇ ਭੁਰਦੇ ਭੁਰ ਜਾਂਦੇ ਹਨ।
ਮਿੱਠੇ-ਮਿੱਤਰ ਚਾਰ ਦਿਨਾਂ ਲਈ
ਅੰਗ-ਸੰਗ ਰਹਿ ਕੇ
ਹੋਰੀਂ ਰਾਹੀਂ ਤੁਰ ਜਾਂਦੇ ਹਨ।
ਐਵੇਂ ਬਹੁਤਾ ਮਾਣ ਨਾ ਕਰੀਏ!!

*



## ਫੇਰ ਮਿਲੀ ਉਹ

*

ਵਰ੍ਹਿਆਂ ਪਿੱਛੋਂ
ਫੇਰ ਮਿਲੀ ਉਹ
ਕਾਲੇ-ਭੰਬੜੇ ਵਾਲਾਂ ਵਾਲੀ।
ਝੀਲਾਂ ਵਰਗੀਆਂ ਅੱਖਾਂ ਵਾਲੀ
ਸੂਹੇ-ਸੰਦਲੀ ਮੁੱਖੜੇ ਵਾਲੀ!

ਉਹ—ਕਿ ਜਿਸ ਸੰਗ ਕੱਚੜੀ ਰੁੱਤੇ
ਸਿਖ਼ਰ-ਦੁਪਹਿਰੇ ਉੱਡਦੀ ਉਮਰੇ
ਮਹਿਕ ਜਿਹਾ ਸੀ ਆਪਣਾ ਰਿਸ਼ਤਾ!
ਇਕ ਵਿਵਰਜਿਤ ਚੁੰਮਣ ਵਰਗਾ
ਮਿੱਠਾ ਮਹਿੰਗਾ ਲੁਕਵਾਂ ਨਾਤਾ!!

ਉਹ—ਕਿ ਜਿਸ ਸੰਗ ਨਿੱਕੜੇ ਹੁੰਦਿਆਂ
ਖੇਡੀ ਸੀ ਇਕ ਛੂਹਣ-ਛੁਹਾਈ।
ਮੁੱਕ ਚੱਲੀ ਹੈ ਉਮਰਾ ਸਾਰੀ
ਖੇਡ ਨਾ ਪਰ ਮੁੱਕਣ ਤੇ ਆਈ।

ਇਕ ਕੁੜੀ ਜੁ ਕਿਰਨ ਜਿਹੀ ਸੀ
ਇਕ ਕੁੜੀ ਸਗਵੀਂ ਖ਼ੁਸ਼ਬੋਈ।
ਜਿਸ ਸੰਗ ਜਿੰਦ ਸੀ ਚਾਨਣ-ਚਾਨਣ
ਜਿਸ ਸੰਗ ਜਿੰਦ ਸ਼ਰਾਬਣ ਹੋਈ।



ਸੀ ਉਹ ਸੋਨ-ਸੁਨਹਿਰੀ ਬੱਦਲੀ
ਦਿਲ ਅੰਬਰ 'ਤੇ ਜੁ ਸੀ ਛਾਈ।
ਕਿਸੇ ਪੌਣ 'ਤੇ ਚੜ੍ਹ ਕੇ ਤੁਰ ਗਈ
ਛੱਡ ਗਈ ਪਰ ਰੰਗਲੀ ਪਰਛਾਈਂ।

ਉਹ—ਕਿ ਜਿਸ ਲਈ ਸੋਚ-ਸੋਚਦੇ
ਰਾਤੀਂ ਬਿਸਤਰ ਦੇ ਵਿਚ ਪੈਣਾ।
ਕਿ ਉਹ ਜਦੋਂ ਸਵੇਰ ਮਿਲੇਗੀ
ਆਹ ਕਹਿਣਾ ਤੇ ਆਹ ਹੈ ਕਹਿਣਾ।

ਤਾਂਘ ਤਾਂਘਦੇ ਪਰ ਜਦ ਮਿਲਣਾ
ਇਕ ਦੂਜੇ ਦੇ ਕੋਲੋਂ ਲੰਘਣਾ
ਅੱਗਾ-ਪਿੱਛਾ ਤੱਕਣਾ ਖੰਘਣਾ
ਬੁੱਲ੍ਹੀਂ ਜੀਭ ਫੇਰਨਾ ਹੱਸਣਾ
ਲੱਤਾਂ ਵਿਚ ਇਕ ਕਾਂਬਾ ਛਿੜਨਾ
ਮੱਥੇ ਇਕ ਤ੍ਰੇਲੀ ਆਉਣੀ।
ਰਾਤੀਂ ਗੱਲ ਜੁ ਚਿਤਵੀ ਸੋਚੀ
ਉਹ ਤਾਂ ਸਾਨੂੰ ਭੁੱਲ-ਭੱਲ ਜਾਣੀ
ਉਹ ਤਾਂ ਸਾਥੋਂ ਕਹਿ ਨਾ ਹੋਣੀ
ਦਿਲ ਦੀ ਇੰਜ ਦਿਲੇ ਵਿਚ ਰਹਿਣੀ
ਫਿਰ ਲੱਗ ਜਾਣੀ ਇਕ ਪਛਤਾਉਣੀ!

ਉਹ—ਕਿ ਜਿਸ ਦੇ ਦਰਸ਼ਨ ਦੇ ਲਈ
ਐਵੇਂ ਪੜ੍ਹਨ ਬਹਾਨੇ ਕਰਦੇ
ਕੋਠੇ ਉੱਤੇ ਜਾ ਬਹਿੰਦੇ ਸਾਂ।
ਜਿਸ ਦੀਆਂ ਮਿੱਠੀਆਂ ਚਿੱਠੀਆਂ ਤਾਈਂ
ਚੋਰੀ-ਛੱਪੇ ਪੜ੍ਹ ਕੇ ਰਾਤੀਂ
ਪੈਂਦੇ ਉਸ ਦਾ ਨਾਂ ਲੈਂਦੇ ਸਾਂ।
ਉਸ ਨੂੰ ਸੁਪਨੇ ਵਿਚ ਮਿਲਦੇ ਸਾਂ
ਉੱਠਦੇ ਉਸ ਦਾ ਨਾਂ ਲੈਂਦੇ ਸਾਂ।

ਉਹ—ਜਿਸ ਨੇ ਇਕ ਡੂੰਘੀ ਸ਼ਾਮੇ



ਬੋੜੀ-ਖੂਹੀ ਡੋਲ੍ਹ ਵਰ੍ਹਾਇਆ।
ਪੋਲੇ ਪੈਰੀਂ ਆ ਕੇ ਆਪਾਂ
ਅੱਖਾਂ ਮੁੰਦੀਆਂ ਚੁੰਮ ਡਰਾਇਆ।

ਡਰਦੀ ਕੰਬਦੀ ਸਹਿਮੀ ਹੋਈ
'ਹਟ ਜਾਹ ਕੋਈ ਦੇਖ ਲਵੇਗਾ'
ਗਈ ਕਿਵੇਂ ਕਹਿ ਚੁੰਗੀਆਂ ਭਰਦੀ।
ਉਸ ਨੂੰ ਅੱਜ ਵੀ ਚੇਤੇ ਕਰ ਕਰ
ਤਪਦੀ ਜਿੰਦ ਹੈ ਜਾਂਦੀ ਠਰਦੀ।

ਉਹ—ਜੋ ਮੇਲੇ ਦੇ ਰਾਹ ਮੱਛਰੀ
ਹਰਨੋਟੀ ਨੱਸਦੀ ਜਾਂਦੀ ਸੀ।
ਪਿੱਛੇ ਮੁੜ ਮੁੜ ਤੱਕਦੀ ਸਾਨੂੰ
ਤੱਕਦੀ ਤੇ ਹੱਸਦੀ ਜਾਂਦੀ ਸੀ।
ਤੇ ਮੇਲੇ ਦੀ ਭੀੜ 'ਚ ਉਸ ਨੇ
ਨਾਲ ਦੀਆਂ ਤੋਂ ਅੱਖ ਬਚਾ ਕੇ
ਆਪਣੀ ਮੁੱਠੀ ਦੇ ਵਿਚ ਕੀਕੂੰ
ਦੇ ਦਿੱਤਾ ਸੀ ਚੀਚੀ-ਛੱਲਾ।

ਅਗਨ-ਉਮਰ ਤੱਕ ਜੋ ਕਿ ਆਪਣੇ
ਅੰਗ-ਸੰਗ ਕੀਕਰ ਨਾਲ ਰਿਹਾ ਸੀ
ਪਿੰਡ ਤੋਂ ਕਿੰਨਿਆਂ ਸ਼ਹਿਰਾਂ ਦੇ ਤੱਕ
ਹਾਏ! ਉਹ ਕੀਕੂੰ ਨਾਲ ਗਿਆ ਸੀ।
ਜਦ ਗੁੰਮਿਆਂ ਤਾਂ ਇਉਂ ਲੱਗਿਆ ਸੀ
ਸਭ ਕੁਝ ਸਾਡਾ ਗੁੰਮ ਗਿਆ ਸੀ।
ਤੇ ਦਿਲ ਨੂੰ ਇਕ ਹੌਲ ਪਿਆ ਸੀ!!

ਉਹ—ਕਿ ਜਿਸ ਸੰਗ ਰਾਤ-ਬਰਾਤੇ

ਚੰਨ ਦੇ ਉਹਲੇ ਮਧਰੇ-ਤੂਤੀਂ
ਮਿਲਣੇ ਦਾ ਸੀ ਅਜਬ ਨਜ਼ਾਰਾ।
ਕੋਈ ਕੋਈ ਪੰਛੀ ਜਦੋਂ ਜਾਗਦਾ
ਕੋਈ ਕੋਈ ਜਾਂ ਅੰਬਰ ਵਿਚ ਤਾਰਾ।

ਉਹ—ਜੁ ਤੀਆਂ ਪੀਂਘ ਝੂਟਦੀ
ਪੀਂਘਾਂ ਦੇ ਵਿਚ ਪੀਂਘ ਹੋਈ ਸੀ।
ਕੌਡੀਆਂ ਰੰਗੀ ਸਪਨੀ ਚੁੰਨੀ
ਜਿਸ ਨੇ ਸਾਨੂੰ ਡੰਗ ਲਾਏ ਸਨ
ਪੀਂਘ ਝੂਟਦਿਆਂ ਉਸ ਦੇ ਗਲ 'ਚੋਂ
ਅੰਬਰੋਂ ਟੁੱਟਦੇ ਤਾਰੇ ਵਾਂਗੂੰ
ਚਾਨਣ ਕਰਦੀ ਵੱਖ ਹੋਈ ਸੀ।

ਉਹ—ਕਿ ਜਿਸ ਦੀ ਵੀਹੀ ਜਾਣਾ
ਸੀ ਕੋਈ ਜਿਵੇਂ ਜ਼ਿਆਰਤ ਕਰਨਾ।
ਜਿਸ ਦਾ ਮਿਲਣਾ ਰੱਬ ਦਾ ਮਿਲਣਾ
ਅਤੇ ਨਿਖੜਨਾ ਜੀਕਰ ਮਰਨਾ।

ਜਿਸ ਦੀਆਂ ਖ਼ੁਸ਼ੀਆਂ ਦੇ ਲਈ ਬੋਲੇ
ਝੂਠਾਂ ਦੀ ਵੀ ਅਜਬ ਕਹਾਣੀ।
ਅੱਜ ਦੇ ਲੱਖ ਸੱਚ 'ਕੱਠੇ ਹੋ ਕੇ
ਕੀ ਹੋਣੇ ਉਹਨਾਂ ਦੇ ਹਾਣੀ!

ਉਸ ਜਿਸ ਟਿੱਬਿਓਂ ਰੇਤਾ ਢੋਇਆ
ਸਾਰਾ ਟਿੱਬਾ ਖੰਡ ਦਾ ਹੋਇਆ।
ਜਿਸ ਦਿਨ ਉਸ ਦੀ ਟੁਰ ਗਈ ਡੋਲੀ
ਪਿੰਡ ਦਾ ਰੁੱਖੜਾ ਰੁੱਖੜਾ ਰੋਇਆ।

ਫਿਰ ਰੋਜ਼ੀ ਦੀ ਇਕ ਹਨੇਰੀ



ਸਾਨੂੰ ਪਿੰਡ ਤੋਂ ਪੁੱਟ ਲਿਆ ਸੀ।
ਸਿਖ਼ਰ-ਦੁਪਹਿਰੇ ਸਮੇਂ ਚੋਰ ਨੇ
ਆਪਣਾ ਸਭ ਕੁਝ ਲੁੱਟ ਲਿਆ ਸੀ।

ਹਾਏ ਰੋਜ਼ੀ ਦੇ ਚੁਗਣ ਕਿਜੇਹੇ
ਸ਼ਹਿਰ ਸ਼ਹਿਰ ਫਿਰ ਜੋਗੀ ਫੇਰੀ
ਇਕ ਚੱਕਰ ਵਿਚ ਆਪਾਂ ਪੈ ਗਏ ?
ਹੰਸ ਦਿਨਾਂ ਦੇ ਉੱਡ ਗਏ ਚਿੱਟੇ
ਇਕ ਸਿਰਜ ਲਈ ਦੁਨੀਆ ਅਪਣੀ
ਉਹ ਰੰਗਲੇ ਦਿਨ ਪਿੱਛੇ ਰਹਿ ਗਏ!

ਪਰ ਜ਼ਿੰਦਗੀ ਦੀ ਤਿੱਖੀ ਚਾਲੇ
ਦਿਲ ਦੀ ਕਿਸੇ ਹਨੇਰੀ ਨੁੱਕਰੇ
ਰਿਹਾ ਯਾਦ ਦਾ ਦੀਵਾ ਜਗਦਾ।
ਦਫ਼ਤਰ ਘਰ ਵਿਚ ਕੱਲ-ਮੁਕੱਲੇ
ਓਸ ਕੁੜੀ ਨੂੰ ਚੇਤੇ ਕਰਨਾ
ਓਵੇਂ ਉਸ ਦੇ ਨਾਂ ਨੂੰ ਲੈਣਾ
ਕਿੰਨਾ ਚੰਗਾ ਚੰਗਾ ਲੱਗਦਾ।

ਵਰ੍ਹਿਆਂ ਪਿੱਛੋਂ ਲੰਘਦੇ ਤੁਰਦੇ
ਫਿਰ ਇਕ ਚੰਦਰਾ ਦਿਨ ਆਣਾ ਸੀ।
ਪਿੰਡ ਲਾਗਲੇ ਸ਼ਹਿਰ 'ਚ ਅਪਣੇ
ਇਕ ਸਰਕਾਰੀ ਦੌਰੇ ਉੱਤੇ
ਬੁੱਤ ਨਿਕਰਮੇ ਨੇ ਜਾਣਾ ਸੀ।

ਸ਼ਹਿਰ—ਕਿ ਜਿਸ ਵਿਚ ਰੂਹ ਦਾ ਹਾਣੀ
ਇਕ ਮਿੱਠਾ ਮੇਲਾ ਲੱਗਦਾ ਸੀ
ਮੇਲੇ ਵਾਲੀ ਰੰਗਲੀ ਸੜਕੇ
ਰੰਗਲੀ ਕੀ, ਹੁਣ ਚੰਦਰੀ ਸੜਕੇ

ਤੁਰਨਾ ਕੀ, ਬਸ ਡਿੱਗ ਪੈਣਾ ਸੀ
ਡਿੱਗਣਾ ਕੀ ਬਸ ਰੋ ਪੈਣਾ ਸੀ।
ਅੰਦਰ ਵਗਦੇ ਇਕ ਦਰਿਆ ਨੇ
ਨੈਣ-ਸਰਾਂ 'ਚੋਂ ਚੋ ਪੈਣਾ ਸੀ।

ਉਸ ਦਿਨ ਸ਼ਹਿਰ ਇਹ ਮਿਸਰੀ-ਮਿੱਠਾ
ਜ਼ਹਿਰੋਂ ਕੌੜਾ ਹੋ ਜਾਣਾ ਸੀ।
ਕਿਉਂਕਿ ਉਸ ਦਿਨ ਏਸ ਸ਼ਹਿਰ ਵਿਚ
ਵਰ੍ਹਿਆਂ ਪਿੱਛੋਂ ਫੇਰ ਮਿਲੀ ਉਹ
ਕਾਲੇ-ਭੰਬਤੇ ਵਾਲਾਂ ਵਾਲੀ।
ਝੀਲਾਂ ਵਰਗੀਆਂ ਅੱਖਾਂ ਵਾਲੀ।
ਸੂਹੇ ਸੰਦਲੀ ਮੁੱਖੜੇ ਵਾਲੀ।
(ਪਰ) ਹੁਣ ਉਹ ਮੁੱਖੜਾ ਮੱਘਦਾ ਨਹੀਂ ਸੀ।
ਪਹਿਲਾਂ ਵਾਂਗੂੰ ਦਗ਼ਦਾ ਨਹੀਂ ਸੀ।
ਹੁਣ ਸੀ ਉਹ ਹੱਡੀਆਂ ਦੀ ਮੁੱਠੀ
ਪੀਲੀ ਪਤਲੀ ਪਿਚਕੀ ਲਿੱਸੀ
ਘੁਣ-ਖਾਧੀ ਲੱਕੜ ਦੇ ਵਾਂਗੂੰ
ਅੰਦਰੋਂ ਖਾਧੀ ਬਾਹਰੋਂ ਤੱਛੀ।
ਅੱਧ-ਹੰਢੇ ਅੱਧ-ਮੈਲੇ ਕੱਪੜੇ
ਬਸ ਉਵੇਂ ਤੁਰਦੀ ਜਾਂਦੀ ਸੀ।
ਫ਼ਿਕਰ 'ਚ ਜਿਉਂ ਖੁਰਦੀ ਜਾਂਦੀ ਸੀ।

ਕੁੱਛੜ ਸੀ ਇਕ ਬਾਲ ਅੰਞਾਣਾ
ਰੋਡ-ਭੋਡ ਤੇ ਆਲਾ-ਭੋਲਾ।
ਤੇੜੋਂ ਨੰਗਾ ਢਿੱਡੋਂ ਊਣਾ
ਭੱਠੀ ਦਾ ਅੱਧ-ਬੁਝਿਆ ਕੋਲਾ।

ਸੱਜੇ ਹੱਥ ਦੀ ਉਂਗਲ ਲਾਈ



ਇਕ ਪਿਆਰੀ ਜਿਹੀ ਬੱਚੜੀ ਸੀ
ਖੁੱਲ੍ਹੀਆਂ ਜਿਸ ਦੀਆਂ ਮੀਢ੍ਹੜੀਆਂ ਸਨ
ਹਸਰਤ ਭਰੀਆਂ ਅੱਖੜੀਆਂ ਸਨ
ਜੁ ਭੱਜਦੀ-ਤੁਰਦੀ ਜਾਂਦੀ ਸੀ।
ਰੇੜ੍ਹੀਆਂ-ਹੱਟੀਆਂ ਦੇ ਵੱਲ ਤੱਕਦੀ
ਤੱਕਦੀ ਤੇ ਝੁਰਦੀ ਜਾਂਦੀ ਸੀ।

ਖੱਬੇ ਹੱਥ ਵਿਚ ਇਕ ਝੋਲਾ ਸੀ
ਜਿਸ 'ਤੇ ਕੱਢੇ ਗੀਝਾਂ ਦੇ ਫੁੱਲ
ਪਹਿਲਾਂ ਵਾਂਗੂੰ ਹੱਸਦੇ ਨਹੀਂ ਸਨ।
ਉਸ ਨੂੰ ਕਿਹੜਾ ਘੁਣ ਲੱਗਿਆ ਸੀ ?
ਦੱਸਦੇ ਵੀ ਸਨ, ਦੱਸਦੇ ਨਹੀਂ ਸਨ!

ਅੱਗੇ ਉਸ ਦੇ ਇਕ ਜਾਂਦਾ ਸੀ
ਉਮਰੋਂ ਪਹਿਲਾਂ ਬੁੱਢਾ ਹੋਇਆ
ਅੱਧਖੜ ਤੇ ਅੱਧ-ਲਿੱਸਾ ਬੰਦਾ
ਸਿਰ 'ਤੇ ਇਕ ਢਿੱਲੀ ਜਿਹੀ ਪਗੜੀ
ਪੈਰਾਂ ਦੇ ਵਿਚ ਪਾਟੀ ਜੁੱਤੜੀ।
ਤੇੜ ਜਿਹਦੇ ਅੱਧ-ਮੈਲੀ ਤਹਿਮਤ
ਸਿਰ ਦੇ ਉੱਤੇ ਸੀ ਇਕ ਗੱਠੜੀ।

ਇਸ ਗੱਠੜੀ ਵਿਚ ਕੀ ਹੋਣਾ ਸੀ ?
ਕੁਝ ਦਿਨਾਂ ਦਾ ਬਸ ਚਾਹ-ਮਿੱਠਾ
ਸੀਖਾਂ ਵਾਲੀ ਦਰਜਨ ਡੱਬੀਆਂ
ਸਾਬਣ-ਸੋਢਾ ਬੀ-ਬਹੋੜਾ
ਨਵੇਂ ਖਰੀਦੇ ਰੰਬਾ-ਦਾਤੀ।

ਜੀ-ਭਿਆਣਾ ਸੋਚ-ਸੋਚਦਾ
ਉਹ ਵੀ ਬਸ ਤੁਰਦਾ ਜਾਂਦਾ ਸੀ

ਸੱਖਣੀ ਜੇਬੋਂ ਥੁੜ ਦੀ ਸੋਚੋਂ
ਮਹਿੰਗਾਈ ਦੇ ਮਾਰੂ ਹੜ੍ਹ ਵਿਚ
ਤੁਰਦਾ ਜਿਉਂ ਖੁਰਦਾ ਜਾਂਦਾ ਸੀ।

ਪਿੱਛੇ ਪਿੱਛੇ ਉਸ ਦੇ ਜਾਂਦੀ
ਆਪਣੀ ਉਸ ਦੁਨੀਆ ਨੂੰ ਤੱਕ ਕੇ
ਕੀ ਨਾ ਦਿਲ 'ਤੇ ਜੁ ਹੋਇਆ ਸੀ ?
ਸਗਲਾ ਬੁੱਤ ਹੀ ਲਰਜ਼ ਗਿਆ ਸੀ।
ਖੜਾ-ਖੜੋਤਾ ਧਾਹੀਂ ਰੁੰਨਾਂ
ਧਰਤੀ ਵਿਚ ਹੀ ਗ਼ਰਕ ਗਿਆ ਸੀ।

ਉਹ ਦਿਨ ਹਾਏ!
ਹੱਥਾਂ 'ਚੋਂ ਕਿਰ ਗਏ
ਬੁੱਕ 'ਚੋਂ ਚੋ ਗਏ ਚਾਂਦੀ-ਪਾਣੀ।
ਓਸ ਸਮੇਂ ਤੋਂ ਅੱਜ ਦੇ ਦਿਹੁੰ ਤੱਕ
ਦਿਲ ਵਿਚ ਵਗਦੀ ਨਦੀ-ਕਹਾਣੀ।
ਜਿਸ ਵਿਚ ਅੱਜ ਵੀ ਖਿੜ-ਖਿੜ ਹੱਸੇ
ਇਕ ਕੁੜੀ ਜੁ ਰੂਹ ਦੀ ਹਾਣੀ।
ਜਿਸ ਵਿਚ ਅੱਜ ਵੀ ਛਮ ਛਮ ਰੋਵੇ
ਇਕ ਕੁੜੀ ਜੁ ਮਰ-ਮੁੱਕ ਜਾਣੀ।

ਵਰ੍ਹਿਆਂ ਪਿੱਛੋਂ
ਫੇਰ ਮਿਲੀ ਜੁ
ਕਾਲੇ-ਭੰਬੜਾਂ ਵਾਲਾਂ ਵਾਲੀ!
ਝੀਲਾਂ ਵਰਗੀਆਂ ਅੱਖਾਂ ਵਾਲੀ!
ਸੂਹੇ ਸੰਦਲੀ ਮੁੱਖੜੇ ਵਾਲੀ!!

*





## ਨੌਕਰੀ

*

ਕਦੇ ਕਦੇ
ਹੁਣ ਮਨ ਕਰਦਾ ਹੈ
ਪੈਰਾਂ ਦੇ ਵਿਚ ਲੱਗੀ ਬੇੜੀ
ਇਕ ਝਟਕੇ ਨਾਲ ਤੋੜ ਵਗ੍ਹਾਈਏ!
ਵਿਚ ਹਵਾਵਾਂ ਉੱਡ-ਪੁੱਡ ਜਾਈਏ!
ਤੇ ਬੱਦਲਾਂ ਦੀ ਜੂਨ ਹੰਢਾਈਏ!

ਖੰਭ-ਕਤਰੇ ਪੰਛੀ ਦੇ ਵਾਂਗਰ
ਇਹ ਜੀਣਾ ਵੀ ਕੀ ਜੀਣਾ ਹੈ ?
ਇਹ ਥੀਣਾ ਵੀ ਕੀ ਥੀਣਾ ਹੈ ?
ਗਰਮ ਲਹੂ ਦੇ ਹੁੰਦਿਆਂ-ਸੁੰਦਿਆਂ
ਬਰਫ਼ ਸਿਲਾ ਦੀ ਜੂਨ ਹੰਢਾਉਂਦੇ
ਇਉਂ ਹੀ ਜੰਮਣਾ ਠਰ ਜਾਣਾ ਹੈ ?
ਦਬ-ਘੁੱਟ ਕੇ ਮਰ ਜਾਣਾ ਹੈ ?
ਇਸ ਤੋਂ ਚੰਗਾ ਪੰਘਰ ਟੁਰੀਏ
ਜਿਧਰ ਮਨ ਚਾਹੇ ਵਹਿ ਜਾਈਏ।

ਹੁਣ ਤਾਂ ਆਪਣਾ ਆਪ ਫੂਕੀਏ
ਨਿੱਤ ਇਸ ਤਨ ਦੀ ਚਿਖ਼ਾ ਜਲਾਈਏ।
ਅੰਦਰੇ ਅੰਦਰ ਰਹਿ ਰਹਿ ਧੁਖ਼ੀਏ
ਤਿਲ ਤਿਲ ਜਲੀਏ ਮੁੱਕਦੇ ਜਾਈਏ।
ਇਸ ਤੋਂ ਚੰਗਾ ਲਟ ਲਟ ਬਲੀਏ
ਦੋ ਪਲ ਤਾਂ ਚਾਨਣ ਕਰ ਜਾਈਏ।

ਚਾਰ-ਦੀਵਾਰੀ ਦੇ ਚਹੁੰ-ਪਾਸੀਂ

ਕੋਸੀ ਕੋਸੀ ਧੁੱਪ ਖਿੜੀ ਹੈ
ਰੁੱਖ, ਪਰਿੰਦੇ ਫੁੱਲ ਤੇ ਬੱਚੇ
ਹੱਸਦੇ ਖਿੜਦੇ ਮਹਿਕ ਰਹੇ ਹਨ।
ਟਹਿਕ ਰਹੇ ਹਨ, ਚਹਿਕ ਰਹੇ ਹਨ।

ਪਰ ਅਪਣਾ ਤਾਂ ਏਸ ਕੈਦ ਵਿਚ
ਦਿਲ ਘਬਰਾਉਂਦਾ ਦਮ ਘੁਟਦਾ ਹੈ
ਅੰਦਰ ਹੈ ਇਕ ਹਿਲਜੁਲ ਹੁੰਦੀ
ਲੱਗਦਾ ਜਿਉਂ ਲਾਵਾ ਫੁੱਟਦਾ ਹੈ।

ਹੁਣ ਇਹ ਚਾਰ-ਦੀਵਾਰ ਢਾਹੀਏ
ਜੀਅ ਕਰਦਾ ਹੈ।
ਸਿਰ 'ਤੇ ਜੋ ਤਲਵਾਰ ਲਟਕਦੀ
ਇਸ ਨੂੰ ਲਾਹੀਏ
ਜੀਅ ਕਰਦਾ ਹੈ!
ਸੌਨ-ਛਿਣਾਂ ਨੂੰ ਗਹਿਣੇ ਧਰ ਕੇ
ਤਿਲ ਤਿਲ ਕੱਟ ਕੇ ਕੀ ਜੀਣਾ ਹੈ ?
ਮਿੱਠਾ ਵੀ ਜੇ ਆਪਣੇ ਹੱਥੀਂ
ਜ਼ਹਿਰ ਪਿਆਲਾ ਕਿਉਂ ਪੀਣਾ ਹੈ ?

ਆ ਦਿਲ! ਹੁਣ ਇਹ ਚਾਰ ਦੀਵਾਰੀ ਢਾਹ ਹੀ ਦੇਈਏ।
ਸਿਰ 'ਤੇ ਜੋ ਤਲਵਾਰ ਲਟਕਦੀ
ਲਾਹ ਦੀ ਦੇਈਏ।

ਕਿਉਂਕਿ ਹੁਣ ਜਦ ਮਨ ਕਰਦਾ ਹੈ
ਪੈਰਾਂ ਦੇ ਵਿਚ ਲੱਗੀ ਬੇੜੀ
ਇਕ ਝਟਕੇ ਨਾਲ ਤੋੜ ਵਗਾਹੀਏ!
ਵਿਚ ਹਵਾਵਾਂ ਉੱਡ ਪੁੱਡ ਜਾਈਏ!!
ਤੇ ਬੱਦਲਾਂ ਦੀ ਜੂਨ ਹੰਢਾਈਏ!!!

*



## ਸਾਬਤੀ ਛੁੱਟੀ

*

ਪ੍ਰਾਇਮਰੀ ਸਕੂਲ 'ਚ ਪੜ੍ਹਦਿਆਂ
ਜਦੋਂ ਅੱਧੀ ਛੁੱਟੀ ਹੁੰਦੀ ਸੀ
ਤਾਂ ਲੋਹੜਿਆਂ ਦਾ ਚਾਅ ਚੜ੍ਹਦਾ ਸੀ!

ਘੰਟੀ ਵੱਜਦਿਆਂ ਈ
ਬੋਰੀ ਤੋਂ ਦਬੜ-ਛੱਟ ਉੱਠ
ਬਸਤਾ ਗਲ 'ਚ ਪਾ ਕੇ
ਫੱਟੀਆਂ ਘੁਮਾਉਂਦੇ
ਸੁਨਿਆਰਿਆਂ ਦੀ ਵੀਹੀ 'ਚੋਂ ਦੀ
ਚਾਅ ਨਾਲ ਹਵਾ ਵਾਂਗ ਗੁਜ਼ਰਦੇ
ਘਰ ਆਉਂਦੇ ਸਾਂ।

ਭਿਆਨਕ ਜਿਹਾ ਲੱਗਦਾ
ਬਾਪੂ ਘਰ ਨਹੀਂ ਸੀ ਹੁੰਦਾ।
ਇੰਜ ਹੋਣਾ ਬਹੁਤ ਚੰਗਾ ਲੱਗਦਾ ਸੀ!
ਤੇ ਮਾਂ ਦਬਾ-ਦਬ ਛਾਬੇ 'ਚੋਂ
ਪਿਆਰ ਦਾ ਪਰੇਥਣ ਲਾ ਕੇ ਪਕਾਈਆਂ
ਪੋਣੇ 'ਚ ਲਪੇਟੀਆਂ ਰੋਟੀਆਂ
ਦਹੀਂ ਦੀ ਕੌਲੀ 'ਚੋਂ ਲਾ ਲਾ ਕੇ
ਖੁਆਉਂਦੀ ਹੁੰਦੀ ਸੀ
ਆਪਣੀ ਚੁੰਨੀ ਦੇ ਲੜ ਨਾਲ
ਮੂੰਹ ਪੂੰਝਦੀ ਹੁੰਦੀ ਸੀ
ਤੇ ਫਿਰ ਹਥੇਲੀ 'ਤੇ
'ਗੁੜ ਦੀ ਰੋੜੀ ਸ਼ੱਕਰ ਭੋਰੀ' ਕਰਦੀ ਸੀ!

ਮੱਥੇ 'ਤੇ ਚੁੰਮਣ ਦਾ ਫੁੱਲ ਧਰਦੀ ਸੀ।
ਤੇ ਘੰਟੀ ਵੱਜਣ ਤੋਂ ਪਹਿਲੋਂ
ਵਰਾ-ਵਰਚਾਅ ਕੇ
ਕਿੰਨੇ ਹੀ ਲਾਰੇ-ਲੱਪੇ ਜਿਹੇ ਲਾ ਕੇ
ਸਕੂਲ ਭਜਾਉਂਦੀ ਹੁੰਦੀ ਸੀ।

ਪਰ ਫੇਰ ਵੀ ਰਾਹ 'ਚ
ਮਤਾਬ ਦੀ ਹੱਟੀ 'ਤੇ ਖੜ੍ਹ ਜਾਈਦਾ ਸੀ
ਤੇ ਬਾਪੂ ਤੋਂ ਝੂਠ ਬੋਲ ਕੇ ਲਏ
ਰੈੱਡ-ਕਰਾਸ ਦੇ ਪੈਸਿਆਂ ਦੀਆਂ
ਮਿੱਠੀਆਂ ਪਕੌੜੀਆਂ ਨੂੰ
ਸੁਆਦ ਸੁਆਦ ਹੋ ਖਾਈਦਾ ਸੀ।

ਪਰ ਅੱਧੀ ਛੁੱਟੀ ਮਗਰੋਂ
ਪਹਾੜੇ ਕੁਹਾਉਣ ਦਾ ਇਕ ਵੱਡਾ ਦੁੱਖ ਹੁੰਦਾ ਸੀ
ਜਦੋਂ ਬੱਧੇ ਚੱਟੀ ਭਰਦੇ
ਨਾਲ ਦੇ ਨਾਲ ਖੜ੍ਹ ਕੇ ਮੂੰਹ ਹਿਲਾਉਂਦੇ ਸਾਂ।
ਤੇ ਵਾਰੀ ਮੁੱਕਣ 'ਤੇ ਕੈਦੋਂ ਛੁੱਟਣ ਵਰਗੀ
ਕੋਈ ਮੋਰ-ਪੈਲ ਪਾਉਂਦੇ ਸਾਂ।
ਬੋਰੀ-ਬਸਤਾ ਸਾਂਭ ਘਰ ਨੂੰ ਛੂਟ ਲਗਾਉਂਦੇ ਸਾਂ।
ਸ਼ਨਿਚਰਵਾਰ ਦੀ ਅੱਧੀ ਛੁੱਟੀ
ਤਾਂ ਉਧਾਰੀ ਜਿਹੀ ਹੁੰਦੀ ਸੀ
ਜਿਸ 'ਚ ਸਕੂਲੋਂ ਮਿਲੇ ਕੰਮ ਦੇ
ਉਲਾਂਭੇ ਲਾਹੁੰਦੇ ਸਾਂ।

ਸਾਬਤੀ ਛੁੱਟੀ ਤਾਂ ਐਤਵਾਰ ਨੂੰ ਹੀ ਹੁੰਦੀ ਹੈ ਨਾ!
ਪਰ ਐਤਵਾਰ ਬਾਪੂ ਨੇ



ਪਹਿਲੋਂ ਹੀ ਵਿਉਂਤਿਆ ਹੁੰਦਾ ਸੀ
ਖੂਹ ਦੀ ਵਾਰੀ ਹੁੰਦੀ ਸੀ
ਗੱਸੇ ਛੱਡਣੇ ਹੁੰਦੇ ਸਨ
ਦਾਤੀਆਂ ਦੇ ਦੰਦੇ ਕਢਵਾਉਣੇ ਹੁੰਦੇ ਸਨ
ਕੋਈ ਆੜ-ਊੜ ਘੜਨੀ ਹੁੰਦੀ ਸੀ
ਜਾਂ ਬਲਦਾਂ ਦੇ ਖੁਰੀਆਂ
ਲੁਆਉਣੀਆਂ ਹੁੰਦੀਆਂ ਸਨ
ਬਾਹਰਲੇ ਘਰ ਮਹੀਆਂ ਲਈ
ਕਿੱਲੇ ਗੱਡਣੇ ਹੁੰਦੇ ਸਨ
ਜਾਂ ਸਾਈਕਲ ਠੀਕ ਕਰਦੇ ਬਾਪੂ ਨੂੰ
ਪੇਚ-ਪੂਚ ਫੜਾਉਣੇ ਹੁੰਦੇ ਸਨ
ਸਾਬਤੀ ਛੁੱਟੀ ਵੀ ਇਓਂ
ਵਿਚੋ-ਵਿਚ ਖਾਧੀ ਜਾਂਦੀ ਸੀ।

ਫੇਰ ਨੌਕਰੀਆਂ ਦੇ ਚੱਕਰ 'ਚ
ਦੇਸ-ਪਰਦੇਸ 'ਚ ਏਹੀ ਕੁਝ ਹੁੰਦਾ ਰਿਹਾ
ਤੇ ਤ੍ਰਿਸ਼ਨਾ ਦਾ ਮਿਸ਼ਰਣ ਵੀ
ਜ਼ਿੰਦਗੀ 'ਚ ਘੁਲ-ਮਿਲ ਹੀ ਗਿਆ
ਪਰ ਸਾਬਤੀ ਛੁੱਟੀ ਤਾਂ ਕਦੇ ਹੋ ਹੀ ਨਾ ਸਕੀ।

ਹੁਣ ਲੰਮੀਆਂ ਵਾਟਾਂ ਝਾਗ ਝਾਗ ਕੇ
ਦਿਸਹੱਦੇ ਤਕ ਦਿਸਦੀਆਂ
ਚੋਟੀਆਂ ਚੜ੍ਹ ਚੜ੍ਹ ਹੰਭ ਲਿਆ ਹੈ
ਦੁੱਖ ਦੀਆਂ ਬਹੁ ਛਿੱਟੀਆਂ ਪਿੰਡੇ ਖਾ ਲਈਆਂ ਹਨ
ਰੂੰ ਵਾਂਗਰਾਂ ਆਪੇ ਨੂੰ ਬਹੁ ਝੰਬ ਲਿਆ ਹੈ।

ਹੁਣ ਚਿੱਤ ਕਰਦਾ ਹੈ—ਇਉਂ ਕਰੀਏ

ਕਿ ਸਾਰਾ ਕੁਝ ਭੁੱਲ-ਭੁਲਾ ਕੇ
ਇਕ ਦਿਨ ਪੂਰੇ ਨਿੱਸਲ ਹੋ ਕੇ
ਘਰ ਦੇ ਵਿਹੜੇ ਘਾਹ 'ਤੇ ਪਈਏ।
ਧੁੱਪ ਦੀ ਅੱਖ ਵਿਚ ਅੱਖ ਪਾ ਤੱਕੀਏ
ਅੰਬਰ ਉੱਡਦੇ ਬੱਦਲਾਂ ਦੇ ਬਾਹੀਂ
ਬਾਹਵਾਂ ਪਾ ਰੱਜ ਖੇਡੀਏ
ਅਤੇ ਝੂਮਦੇ ਰੁੱਖਾਂ ਵਿਚੋਂ
ਹਵਾ ਬਣ ਰੁਮਕ ਗੁਜ਼ਰੀਏ!
ਜ਼ਿੰਦਗੀ ਦੇ ਸਭ ਸੰਸੇ ਹਰੀਏ!!
ਤੇ ਮਰਨੋਂ ਪਹਿਲਾਂ
ਇਕ ਤਾਂ ਸਾਬਤੀ ਛੁੱਟੀ ਕਰੀਏ!!!

*





## ਮੋਢਾ

*

ਮਨੁੱਖ ਨੂੰ
ਜਿਊਣ ਲਈ
ਕਦੇ ਕਦੇ ਰੋਣ ਲਈ
ਇਕ ਮੋਢਾ ਚਾਹੀਦਾ ਹੈ!

ਇਹ ਮੋਢਾ
ਮਹਿਬੂਬਾ ਦਾ
ਪਤਨੀ ਦਾ
ਦੋਸਤ ਦਾ
ਕਿਸੇ ਰਿਸ਼ਤੇ ਦਾ ਵੀ ਹੋ ਸਕਦਾ ਹੈ।

ਪਰ ਮਨੁੱਖ ਨੂੰ
ਜ਼ਿੰਦਗੀ ਵਿਚ ਕਦੇ
ਮੋਢਾ ਜ਼ਰੂਰੀ ਚਾਹੀਦਾ ਹੈ।

ਜ਼ਰੂਰੀ ਨਹੀਂ
ਕਿ ਇਹ ਮੋਢਾ
ਕਿਸੇ ਮਨੁੱਖ ਦਾ ਹੋਵੇ!

ਇਹ ਮੋਢਾ
ਕਿਸੇ ਪਾਲਤੂ ਕੁੱਤੇ ਦਾ
ਬਿੱਲੀ ਦਾ
ਤੋਤੇ-ਚਿੜੀ ਦਾ ਵੀ ਹੋ ਸਕਦਾ ਹੈ
ਪਰ ਮਨੁੱਖ ਨੂੰ ਮੋਢਾ ਜ਼ਰੂਰ ਚਾਹੀਦਾ ਹੈ।

ਭਾਵੇਂ ਇਹ ਮੋਢਾ ਧਰਮ ਦਾ ਹੋਵੇ

ਜਾਂ ਸਿਆਸਤ ਦਾ ਹੋਵੇ
ਕਿਸੇ ਮਨ ਚਾਹੇ ਸ਼ੌਕ ਦਾ ਹੋਵੇ
ਕਿਸੇ ਖੇਡ ਦਾ ਜਾਂ ਸਾਹਿਤ ਦਾ ਹੋਵੇ।
ਪਰ ਮਨੁੱਖ ਨੂੰ ਜੀਅ ਲਾਉਣ ਲਈ
ਅਥਵਾ ਜਿਊਣ ਲਈ
ਕੋਈ ਮੋਢਾ ਜ਼ਰੂਰ ਚਾਹੀਦਾ ਹੈ।

ਮਨੁੱਖ ਨੂੰ ਜਿਊਣ ਲਈ
ਕਦੇ ਕਦੇ ਰੋਣ ਲਈ
ਕੋਈ ਮੋਢਾ ਜ਼ਰੂਰ ਚਾਹੀਦਾ ਹੈ!

*





## ਖੰਭ

*

ਹੁਣ ਚਿੱਤ ਕਰਦਾ ਹੈ--
ਸਾਰੇ ਸੰਸਾਰੀ ਵਸਤਰ ਉਤਾਰ ਕੇ
ਨੰਗ-ਧੜੰਗੇ ਹੋ ਕੇ ਨੱਚ ਪਈਏ!

ਜਿਵੇਂ ਸਾਉਣ-ਭਾਦੋਂ ਦੇ ਹੁੱਸੜ ਮਗਰੋਂ
ਮਨ-ਚਾਹੀ ਬਾਰਿਸ਼ ਆਉਣ 'ਤੇ
ਬਚਪਨ ਵਿਚ ਨੱਚਦੇ ਸਾਂ!!

ਓਦੋਂ ਤਾਂ ਜਦੋਂ ਮੇਘਲਾ ਵਰ੍ਹਦਾ ਸੀ
ਸਤਿਗੁਰਾਂ ਦੀ ਬੋਲੀ 'ਚ
'ਰਿਮ-ਝਿਮ' ਹੁੰਦੀ ਸੀ
ਮੋਰ ਵੀ ਸੱਚੀਂ-ਮੁੱਚੀਂ
ਅੱਖਾਂ ਮੂਹਰੇ ਨੱਚ ਪੈਂਦੇ ਸਨ!

ਹੁਣ ਨੱਚਣ ਨੂੰ ਤਾਂ ਚਿੱਤ ਬਹੁਤ ਕਰਦਾ ਹੈ
ਤੇ ਓਵੇਂ ਕਿਵੇਂ ਨੱਚਣ ਨੂੰ ਹੀ ਕਰਦਾ ਹੈ
ਜਿਵੇਂ ਆਪਣੇ ਪਿੰਡ ਘਰ ਦੇ ਵਿਹੜੇ ਵਿਚ
ਪੈਂਦੀ ਬਾਰਿਸ਼ ਵਿਚ ਨੱਚਦੇ ਹੁੰਦੇ ਸਾਂ।

ਪਰ ਹੁਣ ਓਕੂੰ ਨੱਚ ਨਹੀਂ ਹੁੰਦਾ
ਹੁਣ ਤਾਂ ਨੱਚਣ ਨੂੰ ਥਾਂ ਵੀ ਬੜੇ ਹਨ
ਕਿਸੇ ਕਿਸਮ ਦੀ ਮਨਾਹੀ ਵੀ ਨਹੀਂ!!
ਪਰ ਨੱਚ ਨਹੀਂ ਹੁੰਦਾ!!!

ਹੁਣ ਤੇ ਹੱਥਾਂ ਵਿਚ
ਹੱਥਕੜੀਆਂ ਲੱਗ ਗਈਆਂ ਹਨ

ਪੈਰਾਂ ਵਿਚ ਬੇੜੀਆਂ ਜ਼ੰਜੀਰਾਂ ਵੀ
ਬਹੁੰ ਪੈ ਗਈਆਂ ਹਨ
ਤੁਸੀਂ ਸਿਆਣੇ ਹੋ
ਕੈਦੀਆਂ ਤੋਂ ਕੜੀਆਂ-ਬੇੜੀਆਂ ਸੰਗ
ਉਸ ਤਰ੍ਹਾਂ ਖੁੱਲ੍ਹ ਕੇ ਨੱਚ ਨਹੀਂ ਹੁੰਦਾ।

ਚਲੋ ਛੱਡੋ—
ਨੱਚਣ ਨੂੰ ਚਿੱਤ ਤਾਂ ਕਰਦਾ ਹੈ ਨਾ ?
ਪਰ ਨੱਚ ਨਹੀਂ ਹੁੰਦਾ
ਕੋਈ ਵੱਡੀ ਬਾਤ ਨਹੀਂ!

ਬੱਦਲ ਆਉਂਦੇ ਹਨ
ਢੇਰ ਚਿਰਾਂ ਤੋਂ
ਉਹਨਾਂ ਨੂੰ ਉਡੀਕਦੇ ਕਿਸਾਨ
ਹਸਰਤ ਭਰੀਆਂ ਅੱਖਾਂ ਨਾਲ ਵੇਖਦੇ ਹਨ।
ਉਹ ਕਦੇ ਕਦੇ ਆਪਣੀ ਪੂਰੀ ਘਨਘੋਰਤਾ ਤੇ
ਭਰਪੂਰਤਾ ਨਾਲ ਵਰ੍ਹਦੇ ਹਨ
ਕਦੇ ਕਦੇ ਊਂ ਹੀ ਸਿਰਾਂ ਤੋਂ ਦੀ ਗੁਜ਼ਰ ਜਾਂਦੇ ਹਨ।

ਗੱਲ ਤਾਂ ਅਸਲ 'ਚ ਇੱਛਾ ਦੀ ਹੈ!

ਆਖਦੇ ਹਨ—
ਵਿਹਾਅ ਗਏ ਵਕਤ
ਤੇ ਵਗ ਗਏ ਦਰਿਆ
ਪਰਤ ਕੇ ਨਹੀਂ ਆਉਂਦੇ
ਤੇ ਉਹ ਬਚਪਨ ਵੀ
ਕਦੇ ਹੁਣ ਪਰਤ ਕੇ ਨਹੀਂ ਆਉਣਾ।

ਪਤਾ ਹੈ ਮਨਾਂ!



ਤੇਰਾ ਨੱਚਣ ਨੂੰ ਜੀਅ ਕਰਦਾ ਹੈ
ਤੇ ਓਵੇਂ! ਕਿਵੇਂ
ਨੱਚਣ ਨੂੰ ਚਿੱਤ ਕਰਦਾ ਹੈ
ਜਿਵੇਂ ਕਦੇ ਬਚਪਨ ਵਿਚ ਨੱਚਦੇ ਹੁੰਦੇ ਸਾਂ...

ਪਰ ਸੁਣ!
ਜੇ ਮੀਂਹ ਆਉਣ ਦੀ ਆਸ ਮਗਰੋਂ
ਮੀਂਹ ਨਾ ਆਉਣ ਤੇ ਕਿਸਾਨ ਦਿਲ ਨਹੀਂ ਛੱਡਦੇ
ਤਾਂ ਦਿਲ ਨਾ ਛੱਡ
ਸੱਤ ਸਮੁੰਦਰਾਂ ਤੋਂ ਪਾਰੋਂ ਰੀਝ ਨਾਲ ਭੇਜਿਆ
ਮਾਂ ਦਾ ਖੇਸ ਤਾਣ ਕੇ ਚਾਰ ਪਲ ਘੂਕ ਸੌਂ ਜਾਹ
ਪਰ ਕੋਈ ਸੁਪਨਾ ਨਾ ਲਈਂ
ਕਿਉਂਕਿ ਸਿਆਣੇ ਆਖਦੇ ਹਨ—
ਸੁਪਨੇ ਸੱਚ ਨਹੀਂ ਹੁੰਦੇ!

ਪਤਾ ਹੈ—
ਤੇਰਾ ਨੱਚਣ ਨੂੰ ਚਿੱਤ ਕਰਦਾ ਹੈ।

ਨੱਚਣ ਦੀ ਇਸ ਹਸਰਤ ਨੂੰ ਹੁਣ ਦਫ਼ਨਾ ਦੇਹ
ਬਸ ਇਹ ਹਸਰਤ ਦੇ ਹੀ ਖੰਭ ਸਨ
ਜਿਹਨਾਂ ਸਹਾਰੇ ਤੂੰ
ਹੁਣ ਤਕ ਉੱਡਦਾ ਆਇਆ ਹੈਂ!

*

## ਵਹਿੰਗੀ

*

ਵਹਿੰਗੀਆਂ ਚੁੱਕਣ ਦੇ ਦੌਰ
ਦੂਰ...ਬਹੁਤ ਦੂਰ ਚਲੇ ਗਏ ਹਨ!

ਵਹਿੰਗੀਆਂ ਰੋਂਦੀਆਂ ਹਨ
ਇਹਨਾਂ ਨੂੰ ਰੋਣ ਦਿਉ!

ਹੁਣ ਵਹਿੰਗੀਆਂ ਚੁੱਕਣ ਵਾਲੇ
ਪਰਤ ਨਹੀਂ ਸਕਣਗੇ
ਜੇ ਪਰਤ ਵੀ ਪਏ ਤਾਂ
ਅੱਖ ਭਰ ਕੇ ਨਹੀਂ ਤੱਕਣਗੇ!

ਆਓ ਕਿ ਜਿਊਂਦੇ ਜੀਅ
ਵਹਿੰਗੀਆਂ ਦੇ ਸੁਪਨੇ ਭੁੱਲ ਕੇ
ਵੀਲ੍ਹ-ਚੇਅਰ ਲਈ ਦਰਖ਼ਾਸਤ ਭਰੀਏ
ਤੇ ਇਸਦੀ
ਮਨਜ਼ੂਰੀ ਮਿਲ ਜਾਣ 'ਤੇ ਮੁਸਕਰਾਈਏ!
ਮਸ਼ੀਨੀ ਵੀਲ੍ਹ-ਚੇਅਰਾਂ
ਕੁਝ ਆਖੇ ਲੱਗਣਗੀਆਂ
ਜਿਧਰ ਕਹਾਂਗੇ ਉਧਰ ਤੁਰਨਗੀਆਂ
ਮਨ ਖ਼ੁਸ਼ ਹੋ ਜਾਏਗਾ!

ਆਓ! ਵਹਿੰਗੀਆਂ ਵਿਚਲੇ
ਵਿਚਾਰੇ ਬਣਨ ਨਾਲੋਂ
ਹੁਣ ਬੁਢਾਪੇ ਦੀ ਡੂੰਘੀ ਖੱਡ ਵਿਚ
ਡਿੱਗ ਪਈਏ ਤਾਂ
ਵੀਲ੍ਹ-ਚੇਅਰਾਂ ਦੇ ਵਣਜਾਰੇ ਬਣੀਏ!



ਵਹਿੰਗੀਆਂ ਬਹੁਤ ਪਿਆਰੀਆਂ ਹੁੰਦੀਆਂ ਹਨ
ਪਰ ਪਿਆਰੀਆਂ! ਜੇ ਉਹਨਾਂ ਨੂੰ ਕੋਈ ਚੁੱਕੇ ਵੀ ਤਾਂ!!
ਨਹੀਂ ਤੇ ਵਹਿੰਗੀਆਂ ਵੀ ਬੁਢਾਪੇ
ਸਾਹਵੇਂ ਵਿਲਕਦੀਆਂ ਹਨ।


ਖ਼ੈਰ ਹੁਣ ਤਾਂ ਰੁੱਤ ਹੀ ਚਲੀ ਗਈ ਹੈ
ਆਓ! ਕਿਸੇ ਵੀਲ੍ਹ-ਚੇਅਰ ਦਾ ਕੁੰਡਾ ਖੜਕਾਈਏ
ਤੇ ਵਹਿੰਗੀ ਦੀ ਉਸ ਰੂਹ-ਭਰਵੀਂ ਵਿਥਿਆ ਨੂੰ
ਭੁੱਲ ਹੀ ਜਾਈਏ!
ਜਿਥੇ ਤੇ ਜਿਸ ਪੜਾਅ 'ਤੇ ਆ ਪਹੁੰਚੇ ਹਾਂ
ਵਹਿੰਗੀ ਨਹੀਂ ਵੀਲ੍ਹ-ਚੇਅਰ ਹੀ
ਦੂਰ ਤਕ ਜਾ ਸਕਦੀ ਹੈ!

ਨਾਲੇ ਵਹਿੰਗੀ ਤਾਂ ਆਪਣੇ ਸਮਝ
ਕਿਸੇ ਬਿਗ਼ਾਨੇ ਰੁੱਖ 'ਤੇ ਪਾਈ
ਇਕ ਪੀਂਘ ਜਿਹੀ ਹੀ ਹੁੰਦੀ ਹੈ
ਕਿਸੇ ਪੀਂਘ ਦੇ ਹੁਲਾਰੇ ਕਿੰਨੇ ਕੁ ਹੁੰਦੇ ਹਨ ?
ਇਹ ਤਾਂ ਕਿਸੇ ਪਲ ਵੀ ਮੁੱਕ ਸਕਦੇ ਹਨ।
ਪਰ ਵੀਲ੍ਹ-ਚੇਅਰ ਬੁਢਾਪੇ 'ਚ
ਕੁਝ ਤਾਂ ਦੂਰ ਤਕ ਨਾਲ ਜਾਂਦੀ ਹੈ!!

ਆਓ! ਮਨੋਂ ਸਰਵਣਾਂ ਨੂੰ ਭੁੱਲੀਏ
ਸਰਵਣਾਂ ਦੀ ਯਾਦ ਵਿਚ
ਦਿਲ ਹੌਲਾ ਨਾ ਕਰੀਏ
ਉਹ ਵਹਿੰਗੀਆਂ ਚੁੱਕ ਸਕਣਗੇ
ਇਹ ਵਕਤ ਹੀ ਨਹੀਂ ਰਹੇ!

ਆਓ! ਵਹਿੰਗੀਆਂ ਦੀ ਵਿਥਿਆ ਭੁੱਲੀਏ!
ਕਿਸੇ ਵੀਲ੍ਹ-ਚੇਅਰ ਦੀ ਗੱਲ ਕਰੀਏ!!
ਜੋ ਦਿਸਹੱਦੇ ਤੋਂ ਉਰ੍ਹੇ
ਜਿੰਨਾ ਚਿਰ ਜਿਊਂਦੇ ਹਾਂ
ਕਿਸੇ ਹੱਦ ਤਕ
ਨਾਲ ਤਾਂ ਤੁਰਦੀ ਹੈ!!!

*





## ਨਰਸਿੰਗ ਹੋਮ

*

ਉਹ ਅਜੇ
ਏਨਾ ਬੁੱਢਾ ਤਾਂ ਨਹੀਂ ਸੀ ਹੋਇਆ
ਪਰ ਬੁਢਾਪੇ ਦੀ ਜੂਹ ਵਿਚ ਤਾਂ ਸਮਝੋ ਦਾਖ਼ਲ ਹੋ ਹੀ ਗਿਆ ਸੀ।

ਇਕ ਉਸਦਾ ਕਿੱਤਾ ਹੀ ਅਜਿਹਾ ਸੀ
ਕਿ ਉਸਨੂੰ ਆਮ ਕਰਕੇ ਨਰਸਿੰਗ ਹੋਮਾਂ 'ਚ ਜਾਂਦੇ
ਬੁੱਢਿਆਂ ਨਾਲ ਵਾਹ ਪੈਂਦਾ ਸੀ।

ਪਿੱਛੇ ਪੰਜਾਬ 'ਚ
ਐਸਾ ਕੋਈ ਰਵੀਰਾ ਨਾ ਸੀ।
ਓਥੇ ਤਾਂ ਘਰ ਦੇ
ਅਗਲੇ ਨੂੰ ਬੁਢਾਪੇ 'ਚ ਤਿਹੁ ਕਰਕੇ
ਜਾਂ ਸ਼ਰੀਕੇ ਦੀ ਸੰਗ ਸ਼ਰਮ ਕਰਕੇ ਤਾਂ
ਸਾਂਭ ਹੀ ਲੈਂਦੇ ਸਨ।

ਉਸਦਾ ਦੁਖਾਂਤ ਇਹ ਸੀ
ਕਿ ਉਸਨੇ ਹੁਣ ਪਿੱਛੇ ਨਹੀਂ ਸੀ ਪਰਤ ਸਕਣਾ।
ਉਹ ਬੱਚਿਆਂ ਦੇ ਭਵਿੱਖ ਲਈ
ਆਪਣਾ ਭਵਿੱਖ ਦਾਅ 'ਤੇ ਲਾ ਕੇ
ਔਖਾ ਹੋ ਕੇ ਬਾਹਰ ਆਇਆ ਸੀ
ਉਹ ਆਪ ਭਾਵੇਂ
ਹੁਣ ਤਕ ਸੈੱਟ ਨਹੀਂ ਸੀ ਹੋ ਸਕਿਆ
ਪਰ ਬੱਚੇ ਹੁਣ ਲਗਪਗ ਇਥੇ ਸੈੱਟ ਹੋ ਗਏ ਸਨ।

ਭੈਣ-ਭਰਾਵਾਂ ਨੂੰ ਬਾਹਰ ਮੰਗਵਾਉਣ ਦੀ
ਤਮੰਨਾ ਉਸਨੇ ਤੋੜ ਚਾੜ੍ਹ ਲਈ ਸੀ।

ਪਿਆਰੇ ਮਾਪਿਆਂ ਨੂੰ
ਇਹ ਨਵੀਂ ਦੁਨੀਆ ਦਿਖਾਉਣ ਦੀ
ਇੱਛਾ ਵੀ ਉਸਨੇ ਪੂਰ ਲਈ ਸੀ
ਉਹਨਾਂ ਦਾ ਇਥੇ ਜੀਅ ਨਹੀਂ ਲੱਗਾ ਸੀ।
ਤੇ ਉਹ ਵੈਰਾਗੇ ਤੇ ਓਦਰੇ ਜਿਹੇ ਪਿੱਛੇ
ਪਿੰਡ ਨੂੰ ਮੁੜ ਗਏ ਸਨ
ਜੋਤ ਵਿਚ ਸਮਾ ਗਏ ਸਨ।

ਹੁਣ ਉਹ ਤੇਜ਼ੀ ਨਾਲ
ਬੁਢਾਪੇ ਵੱਲ ਵਧ ਰਿਹਾ ਸੀ
...ਤੇ ਫਿਰ ਇਕ ਦਿਨ ਉਸਨੂੰ ਆਪਣਾ ਸਭ ਕੁਝ
ਸੁਸਤ ਸੁਸਤ ਹੁੰਦਾ
ਸੌਂਦਾ-ਸੌਂਦਾ ਜਿਹਾ ਜਾਪਿਆ
ਇਹ ਮਨ! ਤਨ!!
ਤੇ ਇਹਨਾਂ ਨਾਲ ਨਗੰਦੀਆਂ ਤੇ
ਨੱਥੀਆਂ ਹੋਈਆਂ ਇੰਦਰੀਆਂ!!!

ਤੇ ਹੁਣ ਉਸ ਨੂੰ ਅਚਾਨਕ ਪਤਾ ਨਹੀਂ ਕਿਉਂ
'ਨਰਸਿੰਗ-ਹੋਮ' ਦਾ ਨਾਂ ਸੁਣ ਕੇ ਹੀ
ਕੋਈ ਭੈਅ ਜਿਹਾ ਆਉਣ ਲੱਗ ਪਿਆ।
ਇਸ ਭੈਅ ਦੇ ਨਾਲ ਉਸਨੂੰ ਇਕ ਅਫ਼ਸੋਸ ਵੀ
ਸ਼ਿੱਦਤ ਨਾਲ ਹੁੰਦਾ ਕਿ
ਉਹ ਬਾਹਰ ਕਿਓਂ ਆਇਆ ਸੀ ?

ਇਕ ਸਮਾਂ ਸੀ—
ਬਾਹਰ ਆਉਣਾ ਉਸ ਲਈ
ਕਿਸੇ ਸਤਰੰਗੀ ਪੀਂਘ ਦਾ ਸੁਪਨਾ ਸੀ।



ਕੋਈ ਸੁਰਗ ਦਾ ਝੂਟਾ ਸੀ!!
ਸੁਪਨੇ ਦੇ ਇਸ ਸੋਨ-ਮਿਰਗ ਨੂੰ ਫੜਨ ਲਈ
ਉਸਨੇ ਤਪਦੇ ਮਾਰੂਥਲ ਪਾਰ ਕਰ ਲਏ ਸਨ
ਵਿਦੇਸ਼ਾਂ ਦੇ ਬਰਫ਼ਾਨੀ-ਤੂਫ਼ਾਨੀ ਪਲ
ਆਪਣੇ ਨਗਨ ਪਿੰਡੇ 'ਤੇ ਜਰ ਲਏ ਸਨ।

ਪਰ ਹੁਣ ਜੇ ਨਰਸਿੰਗ ਹੋਮ ਦਾ ਨਾਂ ਸੁਣ ਕੇ
ਉਸ ਨੂੰ ਕੋਈ ਅਫ਼ਸੋਸ ਹੁੰਦਾ ਸੀ
ਤਾਂ ਇਹ ਠੀਕ ਨਹੀਂ ਸੀ।

ਤੇ ਆਪਣੇ ਬਾਹਰ ਆਉਣ ਉੱਤੇ
ਅੱਜ ਜੇ ਉਸਨੂੰ ਇਕ ਰੋਸ ਹੁੰਦਾ ਸੀ
ਤਾਂ ਇਹ ਵੀ ਠੀਕ ਨਹੀਂ ਸੀ।

*



## ਮੂਰਖ

*

ਨਿੱਕੇ ਹੁੰਦੇ
ਮੈਂ ਤੇ ਮੇਰੇ ਆੜੀ
ਅਸੀਂ—
ਮੂਰਖ ਜਿਹੇ ਹੀ ਤਾਂ ਹੁੰਦੇ ਸਾਂ।
ਜੁ ਖੇਡਦੇ ਖੇਡਦੇ
ਰੁੱਖਾਂ 'ਤੇ ਚੜ੍ਹ ਜਾਂਦੇ ਸਾਂ
ਤੇ ਕੋਈ ਆਲ੍ਹਣਾ ਲੱਭ ਕੇ
ਸਾਨੂੰ ਚਾਅ ਚੜ੍ਹ ਜਾਂਦਾ ਸੀ।

ਓਦੋਂ
ਅਸੀਂ ਮੂਰਖ ਜਿਹੇ
ਕਿਵੇਂ ਆਲ੍ਹਣਿਆਂ ਨੂੰ
ਤੀਲ੍ਹਾ ਤੀਲ੍ਹਾ ਕਰ ਖਿਲਾਰਦੇ ਸਾਂ
ਤੇ ਘੁੱਗੀਆਂ ਕਬੂਤਰਾਂ ਦੇ ਆਂਡੇ
ਕਿਵੇਂ ਚੁੱਕ ਚੁੱਕ ਕੇ
ਧਰਤੀ 'ਤੇ ਪਟਕਾਅ ਮਾਰਦੇ ਸਾਂ।

ਓਦੋਂ ਸਾਨੂੰ
ਸਾਡੇ ਸਿਰਾਂ ਉਤਲੇ ਟਾਹਣਾਂ ਉੱਤੇ
ਕੀਰਨੇ ਪਾਉਂਦੀਆਂ
ਭੋਲੀਆਂ ਘੁੱਗੀਆਂ
ਤੇ ਮਾਸੂਮ ਗੋਲੇ ਕਬੂਤਰਾਂ
ਦੀ ਮਜਬੂਰ ਫੜਫੜਾਹਟ
ਦੇ ਅਰਥਾਂ ਦੀ ਭੋਰਾ ਸਮਝ



ਤੇ ਰਤਾ ਪਰਵਾਹ ਨਹੀਂ ਸੀ।

ਅਸੀਂ ਮੂਰਖ ਜਿਹੇ
ਇਹ ਮਨਚਾਹੀ ਕਰਦਿਆਂ ਓਦੋਂ
ਬਹੁਤ ਖ਼ੁਸ਼ ਹੁੰਦੇ ਸਾਂ
ਕਿਲਕਾਰੀਆਂ ਮਾਰਦੇ ਸਾਂ
ਕਹਿਕਹੇ ਲਾਉਂਦੇ ਸਾਂ।

ਓਦੋਂ ਅਸੀਂ
ਮੂਰਖ ਜਿਹੇ ਹੀ ਤਾਂ ਹੁੰਦੇ ਸਾਂ
ਸਿਆਸਤਦਾਨਾਂ ਵਰਗੇ!
ਜੋ ਲੋਕਾਂ ਦੇ ਘਰ, ਸ਼ਹਿਰ ਢਾਹ ਦਿੰਦੇ ਹਨ
ਮਾਵਾਂ ਤੋਂ ਪੁੱਤ
ਬੁੱਢੇ ਬਾਪੂਆਂ ਤੋਂ ਡੰਗੋਰੀਆਂ
ਤੇ ਬਾਲਾਂ ਤੋਂ ਮੁਸਕਾਨਾਂ ਖੋਹ ਲੈਂਦੇ ਹਨ।
ਪਰ ਇਹ ਕੁਝ ਕਰਦਿਆਂ
ਮਨ-ਚਾਹੀ ਕਰਕੇ
ਇਹ ਬਹੁਤ ਖ਼ੁਸ਼ ਹੁੰਦੇ ਹਨ
ਮਹਿਫ਼ਲਾਂ ਵਿਚ ਕਹਿਕਹੇ ਲਾਉਂਦੇ ਹਨ
ਕਿਲਕਾਰੀਆਂ ਮਾਰਦੇ ਹਨ।
ਇਹਨਾਂ ਨੂੰ ਸ਼ਾਇਦ
ਕਿਸੇ ਤੜਪੜਾਹਟ ਤੇ
ਕੀਰਨਿਆਂ ਦੇ ਅਰਥ ਨਹੀਂ ਆਉਂਦੇ।

ਇਹ ਵੀ ਸ਼ਾਇਦ
ਸਾਡੇ ਜਿਹੇ ਹੀ ਹਨ
ਜਿਵੇਂ ਕਦੇ ਅਸੀਂ ਹੁੰਦੇ ਸਾਂ!
ਨਿੱਕੇ ਹੁੰਦੇ!!
ਮੂਰਖ ਜਿਹੇ!!!

*

## ਅਖ਼ਬਾਰਾਂ

*

ਦੇਖੋ ਜੀ! ਹੁਣ ਬੁਢਾਪੇ 'ਚ ਅਖ਼ਬਾਰਾਂ ਵੀ
ਜੁਆਨੀ ਵਿਚਲੀਆਂ
ਮੁਟਿਆਰਾਂ ਵਰਗੀਆਂ ਹੀ ਲੱਗਦੀਆਂ ਹਨ
ਹੁਣ ਜੀ! ਇਹਨਾਂ ਨੂੰ
ਉਹਨਾਂ ਵਾਂਗੂੰ ਹੀ ਤਾਂਘੀਦਾ ਹੈ
ਬੇਸਬਰੀ ਨਾਲ ਉਡੀਕਦਾ ਹੈ।

ਓਦੋਂ—
ਉਹਨਾਂ ਦੇ ਨਖ਼ਰੇ
ਨਜ਼ਰ ਨਾਲ ਹੀ ਉਠਾ ਲਈਦੇ ਸਨ
ਪਰ ਹੁਣ ਨਜ਼ਰ ਹੈ ਕਿ
ਇਹਨਾਂ ਦੇ ਅੱਖਰ ਉਠਾਉਣ ਵਿਚ ਹੀ ਕਿੰਨਾ ਕਿੰਨਾ ਚਿਰ ਲੱਗਦਾ ਹੈ।

ਉਹ ਵੀ ਸਮਾਂ ਸੀ
ਪੜ੍ਹਾਈਆਂ ਦਾ! ਚੜ੍ਹਾਈਆਂ ਦਾ!!
ਜਦ ਜੀ!
ਚੁੰਨੀ ਦਾ ਤਾਰਾ ਤਾਰਾ ਗਿਣ ਲਈਦਾ ਸੀ
ਕਿਥੇ ਮਿਲਣਾ ?
ਜੇ ਖੁੰਝ ਗਏ ਕਿਥੇ ਮਿਲਣਾ ?
ਨਿੱਕਾ ਫ਼ਾਸਲਾ ਵੀ
ਸੀਨੇ ਦੇ ਗ਼ਜ਼ ਨਾਲ ਮਿਣ ਲਈਦਾ ਸੀ।

ਹੁਣ ਤਾਂ ਡਾਕੀਏ ਦੀ ਬਿੜਕ ਬਹਾਰ ਵਰਗੀ ਹੈ
ਛੁੱਟੀ ਦੀ ਝਿੜਕ ਉਸ ਯਾਰ ਵਰਗੀ ਹੈ।

ਹੁਣ ਬਾਲਕੋਨੀ 'ਚ ਬਹਿ ਕੇ



ਉਡੀਕੀਏ ਅਖ਼ਬਾਰਾਂ
ਜਿਵੇਂ ਜੁਆਨੀ 'ਚ ਅਸੀਂ ਉਹਨਾਂ ਨੂੰ
ਤੇ ਸਾਨੂੰ ਉਡੀਕਿਆ ਏ ਮੁਟਿਆਰਾਂ।

ਕਹਿਣ ਨੂੰ ਤਾਂ ਬੜਾ ਕੁਝ ਹੈ
ਚਲੋ ਹੁਣ ਬਸ ਕਰਦੇ ਹਾਂ
ਪਰ ਉਹਨਾਂ ਰੰਗੀਨ ਪੰਛੀਆਂ ਵਰਗੇ ਦਿਨਾਂ ਨੂੰ
ਅੰਦਰੇ ਅੰਦਰ
ਤਾਂ ਸ਼ਿੱਦਤ ਨਾਲ ਯਾਦ ਕਰਦੇ ਹਾਂ।
ਅਸੀਂ ਨੈਣਾਂ ਦੀਆਂ ਕਟਾਰਾਂ ਦੇ ਕੱਟੇ ਵੱਢੇ ਵੀ
ਜ਼ਿੰਦਗੀ ਭਰ ਲੜੀ ਗਏ
ਅਜੇ ਕਿਥੇ ਮਰਨਾ ਸੀ ?
ਅਸੀਂ ਅੱਜ ਮਰਦੇ ਹਾਂ ਤਾਂ
ਯਾਦਾਂ ਦੇ ਮਾਰੇ ਹੀ ਮਰਦੇ ਹਾਂ!

ਬੁਢਾਪੇ ਵਿਚ—
ਹੁਣ ਅਸੀਂ ਬਾਲਕੋਨੀ 'ਚ ਬੈਠ ਕੇ
ਅਖ਼ਬਾਰਾਂ ਪੜ੍ਹਦੇ ਹਾਂ।
ਤੇ ਟੁੱਟ ਗਏ ਸੁਨਹਿਰੀ ਚੰਦ ਦੀਆਂ
ਕੰਕਰੀਆਂ 'ਕੱਠੀਆਂ ਕਰਕੇ
ਯਾਦਾਂ ਦੇ ਚੌਖਟੇ 'ਚ ਜੜਦੇ ਹਾਂ...!

*

## ਤਾਸ਼

*

ਮੈਨੂੰ ਤਾਸ਼ ਖੇਡਣੀ ਨਹੀਂ ਆਉਂਦੀ
ਪਰ
ਆਓ ਆਪਾਂ ਅੱਜ ਤਾਸ਼ ਖੇਡੀਏ।

ਬਚਪਨ ਵਿਚ ਕੇਹਾ ਸਬਬ ਸੀ
ਖੂਹ 'ਤੇ ਲਿਫ਼ਵੀਂ ਮਾਂ ਜਿਹੀ ਪੇਂਦੂ ਬੇਰੀ
ਤਾਈਆਂ ਟਾਹਲੀਆਂ, ਚਾਚੀਆਂ ਨਿੰਮਾਂ
ਭੂਆ ਧ੍ਰੇਕਾਂ ਤੇ ਭੈਣਾਂ ਡੇਕਾਂ ਵੀ ਸਨ।
ਸਿਰ ਸਿਖ਼ਰ ਉੱਤੇ ਸਾਏ ਵਾਲਾ ਪਿਓ ਤਾਂ
ਕਦੇ ਦੀਂਹਦਾ ਵੀ ਨਾ ਸੀ
ਪਿਆਰੇ ਚਾਚੇ ਪਿੱਪਲ ਦੇ ਪੱਤਿਆਂ ਦੀ
ਝੂਲਣ ਵੀ ਬਹੁ ਚੰਗੀ ਸੀ।

ਪਸ਼ੂ ਜਦੋਂ ਜੁਗਾਲੀ ਪੈਂਦੇ ਸਨ
ਜੁਆਕ ਛੱਪੜ ਵਿਚ ਨਹਾਉਂਦੇ ਸਨ
ਓਦੋਂ ਬੁੱਢੇ ਬੋਹੜ ਦੀਆਂ
ਲੱਤਾਂ ਵਰਗੀਆਂ ਜੜ੍ਹਾਂ 'ਤੇ
ਸਿਰ ਧਰ ਕੇ ਸੌਣ ਨੂੰ
ਜਾਂ ਤੇਸ਼ ਖੇਡਣ ਨੂੰ ਜੀਅ ਕਰਦਾ ਸੀ
ਉਂ ਪਰ ਮੈਨੂੰ ਤਾਸ਼ ਖੇਡਣੀ
ਖੇਡਣੀ ਹੁਣ ਤਕ ਨਹੀਂ ਆਉਂਦੀ।

ਪਰ ਓਦੋਂ ਜਦੋਂ ਪਿੰਡ 'ਚ ਤਾਸ਼ ਖੇਡਦੇ ਸਨ
ਵੇਖਦਿਆਂ, ਮਨ ਵਿਚ ਖੇਡਣ ਦੀ
ਤਾਂਘ ਜਿਹੀ ਜਾਗਦੀ
ਤਾਂ ਕਿਸੇ ਖੇਡਦੇ ਦੇ
ਸਿਰਹਾਣੇ ਮੁੱਢ ਬੈਠ ਜਾਈਦਾ ਸੀ



ਓਦੋਂ ਤਾਂ ਜਿੱਤਣ ਲਈ ਹੀ
ਬਹਿੰਦੇ ਹੋਵਾਂਗੇ ਨਾ
ਇਹੀ ਬੈਠਣ ਦਾ ਵਿਵਹਾਰ ਜਿਹਾ ਹੋਵੇਗਾ ਨਾ।

ਪਰ ਸੱਚ ਪੁੱਛੋ
ਮੈਨੂੰ ਹੁਣ ਤਕ ਤਾਸ਼ ਖੇਡਣੀ ਨਹੀਂ ਆਉਂਦੀ।
ਮੈਂ ਪਿੰਡਾਂ-ਗਰਾਵਾਂ 'ਚ ਵੀ ਰਿਹਾ ਹਾਂ
ਸ਼ਹਿਰਾਂ 'ਚ ਵੀ ਆ ਗਿਆ ਹਾਂ
ਮੇਰੇ ਦੋਸਤ ਨਿਹੰਗ-ਮਲੰਗ ਵੀ ਹਨ
ਅਮੀਰ ਫ਼ਕੀਰ ਵੀ ਹਨ
ਉਹਨਾਂ ਸਭਨਾਂ ਦੇ ਘਰਾਂ ਵਿਚ ਤਾਸ਼ ਚੱਲਦੀ ਹੈ।

ਸਭੋ ਖੇਸੀਆਂ ਦੀਆਂ ਬੁੱਕਲਾਂ ਵਿਚ
ਠਰ ਠਰ ਕਰ ਰਹੇ ਹਨ
ਉਪਰੋਂ ਭਾਵੇਂ ਕਿੰਝ ਦੇ ਵੀ ਜਾਪਣ
ਸਭ ਵੇਲਾ ਪੂਰਾ ਕਰ ਰਹੇ ਹਨ!
ਪਰ ਇਹਨਾਂ ਸਭਨਾਂ ਦੇ ਘਰਾਂ ਵਿਚ
ਤਾਸ਼ ਤਾਂ ਚੱਲਦੀ ਹੀ ਹੈ!



ਕਦੇ ਕਦੇ ਬਹੁੰ ਉੱਚੇ-ਉੱਚੇ ਮੁਨਾਰਿਆਂ
ਤੇ ਮਮਟੀਆਂ ਵਾਲੇ ਮਹਿਲ-ਨੁਮਾ
ਘਰਾਂ 'ਚ ਵੀ ਚਲੇ ਜਾਈਦਾ ਹੈ।
ਓਥੇ ਤਾਂ ਤਾਸ਼ ?
ਓਥੇ ਤਾਂ ਬਹੁਤ ਤਾਸ਼ ਚੱਲਦੀ ਹੈ।

ਚਲੋ! ਤਾਸ਼ ਦੀ ਗੱਲ ਚੱਲੀ ਹੈ
ਜ਼ਿੰਦਗੀ ਵਿਚ ਤਾਸ਼ ਤਾਂ ਸਾਰੇ ਖੇਡਦੇ ਹਨ
ਸਮਝੋ ਤਾਸ਼ ਸਭ ਨੂੰ ਹੀ ਖੇਡਣੀ ਪੈਂਦੀ ਹੈ
ਪਰ ਮੈਨੂੰ ਤਾਸ਼ ਖੇਡਣੀ ਨਹੀਂ ਆਉਂਦੀ!

*

## ਜੰਗਲ ਦੇ ਬਾਂਸ

*

ਨਿੱਕੇ ਹੁੰਦਿਆਂ ਜਦੋਂ ਤਾਇਆ 'ਜਾਗਰ
ਕਿਸੇ ਨੂੰ 'ਜਾਹ ਉਏ ਨਗੋਜਿਆ !'
ਕਹਿੰਦਾ ਸੀ
ਤਾਂ ਓਦੋਂ ਪਤਾ ਹੀ ਨਾ ਸੀ।

ਫਿਰ ਮਦਰੱਸਿਆਂ 'ਚੋਂ ਵਿਚਰਦੇ
ਮੇਲਿਆਂ ਦੀ ਜੂਹ ਵਿਚ ਆਣ ਮੱਛਰੇ
ਤਾਂ ਅਲਗ਼ੋਜੇ ਸੁਣਨ ਦੀ ਚਸ ਲੱਗੀ
ਓਦੋਂ ਰੁੱਤ ਹੀ ਏਨੀ ਲਹਿਰੀ ਸੀ
ਕਿ ਬਾਂਸ ਬਣਨ ਨੂੰ ਹੀ ਜੀਅ ਕਰਦਾ ਸੀ।
ਬਾਂਸ !
ਜਿਹਨਾਂ ਤੋਂ
ਅਲਗ਼ੋਜ਼ੇ ਤੇ ਬੰਸਰੀਆਂ ਬਣਦੀਆਂ ਹਨ
ਜਿਹਨਾਂ ਨਾਲ ਛੂੰਹਦੀ ਹਵਾ ਸ਼ੂਕਦੀ ਹੈ
ਤੇ ਸ਼ੂਕਦੀ ਹੀ ਸਰਗਮੀ ਹੋ ਜਾਂਦੀ ਹੈ
ਕੋਈ ਸੰਗੀਤਕ ਲੈਅ ਬਣ ਜਾਂਦੀ ਹੈ
ਕਿਸੇ ਕੁੜੀ ਦੇ ਹਵਾ ਵਿਚ ਲਹਿਰਦੇ ਕੇਸਾਂ ਵਰਗੀ !
ਖ਼ੈਰ—
ਇਹ ਰੁੱਤ ਰੁੱਤ ਦੀ ਗੱਲ ਹੈ
ਰੁੱਤਾਂ ਬਦਲਦੀਆਂ ਹੀ ਰਹਿੰਦੀਆਂ ਹਨ।

ਹੁਣ ਜਦ ਉਮਰ ਮੁੱਕਣ 'ਤੇ ਆਈ ਹੈ
ਤਾਂ ਰੁੱਤ ਅਜਬ ਜਿਹੀ ਹੈ
ਰੋਹੀਆਂ ਜੰਡ ਕਰੀਰਾਂ 'ਤੇ



ਉੱਚੇ ਟਿੱਬਿਆਂ 'ਚੋਂ ਰੇਤਾ ਉੱਡਣ ਜਿਹਾ ਮੌਸਮ ਹੈ
ਪਰ ਪਤਾ ਨਹੀਂ ਹੁਣ ਕਿਉਂ ਸਾਡਾ
ਜੰਗਲ ਦੇ ਬਾਂਸਾਂ ਦਾ—ਨਗੋਜਿਆਂ ਦਾ
ਅਲਗ਼ੋਜ਼ੇ ਬਣਨ ਨੂੰ ਜੀਅ ਕਰਦਾ ਹੈ
ਗੁਰੂ ਕੇ ਅਲਗ਼ੋਜ਼ੇ !!
ਜਿਹਨਾਂ ਵਿਚੋਂ ਦੀ ਇਕ ਵਾਰ ਹੀ
ਉਹਨਾਂ ਦੇ ਬੁੱਲ੍ਹਾਂ 'ਚੋਂ ਝਰੀ ਬਾਣੀ
ਹਵਾ ਬਣ ਕੇ ਗੁਜ਼ਰ ਜਾਏ !

ਤੇ ਫਿਰ ਅਸੀਂ—
ਜੋ ਜੰਗਲ ਦੇ ਬਾਂਸਾਂ ਵਾਂਗ
ਇਕ ਦੂਸਰੇ ਨਾਲ ਖਹਿਸਰਦੇ ਮਚਦੇ ਹਾਂ
ਹਵਾ ਵਿਚ ਝੂਮਦੇ
ਵਜਦ ਵਿਚ ਆ ਜਾਈਏ।
ਤੇ ਫਿਰ ਦੂਸਰੇ ਹੀ ਪਲ ਭਾਵੇਂ
ਧਰਤ 'ਤੇ ਚੁਫ਼ਾਲ ਡਿੱਗ ਪਈਏ
ਭਾਵੇਂ ਰੇਤ-ਮਿੱਟੀ 'ਚ ਹੀ ਮਿਲ ਜਾਈਏ !

*



## ਆਸ-ਨਿਰਾਸ

*

ਉੱਤੇ ਤਾਂ ਮੇਰੇ
ਆਸ਼ਾ ਦਾ ਆਕਾਸ਼ ਚੌੜੇਰਾ
ਹੇਠ ਹਨੇਰਾ ਇਕ ਪਾਤਾਲ ਨਿਰਾਸ਼ਾ ਦਾ
ਜੁ ਬਹੁਤ ਹਨੇਰਾ! ਬਹੁਤ ਡੂੰਘੇਰਾ!!

ਮੈਂ ਆਪਣੀ 'ਮੈਂ' ਹਿੱਕ ਨਾਲ ਲਾ ਕੇ
ਦੋਹਾਂ ਦੇ ਵਿਚਕਾਰ ਲਟਕਦਾ।

ਕਦੇ ਕਦੇ ਤਾਂ ਮਨ ਵਿਚ ਆਵੇ
ਏਸ ਅਸੀਮ ਬ੍ਰਹਿਮੰਡ ਅੰਦਰ
ਨਿੱਕਾ ਮੇਰਾ ਮਾਤ-ਲੋਕ ਹੈ
ਮਾਤ-ਲੋਕ ਵਿਚ ਮੇਰਾ ਘਰ ਹੈ
ਘਰ ਵਿਚ ਮੇਰਾ ਇਹ ਆਪਾ ਹੈ
ਜਿਸ ਵਿਚ ਮੇਰੀ 'ਮੈਂ' ਵਸਦੀ ਹੈ
ਜਿਸ ਨੇ ਤਾਂ ਬਸ ਦੋ ਪਲ ਜੀਣਾ
ਸਦਾ ਨਾ ਰਹਿਣਾ! ਸਦਾ ਨਾ ਥੀਣਾ!!
ਸੋਚ ਸੋਚ ਮੈਂ ਏਸ ਪਾਤਾਲ ਨਿਰਾਸ਼ਾ ਦੇ ਵਿਚ
ਥੱਲੇ ਥੱਲੇ ਲਹਿੰਦਾ ਜਾਵਾਂ।

ਕਦੇ ਕਦੇ ਪਰ ਮਨ ਵਿਚ ਆਵੇ
ਮੇਰੀ ਮੈਂ ਦਾ ਜੁ ਆਪਾ ਹੈ
ਇਸ ਆਪੇ ਦਾ ਜੁ ਇਹ ਘਰ ਹੈ
ਇਸ ਘਰ ਦਾ ਜੁ ਮਾਤ-ਲੋਕ ਹੈ
ਉਸ ਦਾ ਆਪਣਾ ਇਹ ਬ੍ਰਹਿਮੰਡ ਹੈ
ਤਦ ਮੈਂ ਸੋਚਾਂ ਇਹ ਬ੍ਰਹਿਮੰਡ ਤਾਂ



ਮੇਰਾ ਆਪਣਾ ਹੀ ਇਕ ਘਰ ਹੈ
ਕੀ ਹੋਇਆ ਜੇ ਦੋ ਪਲ ਜੀਣਾ
ਸਦਾ ਨਾ ਰਹਿਣਾ! ਸਦਾ ਨਾ ਥੀਣਾ!!
ਇਹ ਦੋ ਪਲ ਤਾਂ ਰੱਜ ਕੇ ਜੀਵਾਂ
ਇਹ ਦੋ ਪਲ ਤਾਂ ਰੱਜ ਕੇ ਥੀਵਾਂ
ਸੋਚ ਸੋਚ ਮੈਂ ਆਸ਼ਾ ਦੇ
ਅਸਮਾਨ 'ਚ ਉਪਰ ਉੱਡਦਾ ਜਾਵਾਂ।

ਉੱਤੇ ਤਾਂ ਮੇਰੇ
ਆਸ਼ਾ ਦਾ ਅਸਮਾਨ ਚੌੜੇਰਾ
ਹੇਠ ਹਨੇਰਾ ਇਕ ਪਾਤਾਲ ਨਿਰਾਸ਼ਾ ਦਾ
ਜੁ ਬਹੁਤ ਹਨੇਰਾ! ਬਹੁਤ ਡੂੰਘੇਰਾ!!

*



## ਸ਼ੋਰ

*

ਅਧਿਐਨ ਦੇ ਪਲ
ਸਿਰਜਣ ਦੇ ਪਲ
ਗਲੇ ਲਗਾ ਕੇ
ਦੁੰਮ ਦਬਾ ਕੇ
ਸ਼ੋਰ ਚੁਫ਼ੇਰੇ ਦੇ ਨੂੰ ਛਲਕੇ
ਜਾਂ ਦੇ ਕੇ ਕੋਈ ਚੋਰ-ਭੁਲਾਈ
ਜਦੋਂ ਇਕਾਂਤ ਦਿਸ਼ਾ ਵੱਲ ਨੱਸਿਆ
ਲੱਭਿਆ ਚੁੱਪ-ਚੁਪੀਤਾ ਗੋਸ਼ਾ।
ਹਰ ਵਾਰੀ ਟੁੱਟ ਗਈ ਭਰਾਂਤੀ
ਇਹ ਸਭ ਲੱਗਿਆ ਮ੍ਰਿਗ-ਤ੍ਰਿਸ਼ਨਾ
ਖ਼ੁਦ ਹੀ ਆਪਣਾ ਆਪਾ ਛਲਣਾ!

ਸ਼ੋਰ ਤਾਂ ਮੇਰੇ ਅੰਦਰ ਹੀ ਸੀ!
ਬਾਹਰ ਤਾਂ ਸ਼ੋਰ ਦੇ ਪਾਣੀ ਨਿੱਕੇ
ਅੰਦਰ ਇਕ ਦਰਿਆ ਖੌਲਦਾ
ਇਕ ਸ਼ੋਰ ਦਾ ਝੱਖੜ ਝੁੱਲਦਾ।

ਸੋਚ ਰਿਹਾ ਹਾਂ
ਦੂਰ ਦੌੜ ਕੇ
ਸ਼ੋਰ ਬਾਹਰ ਦੇ ਤੋਂ ਤਾਂ
ਈਕਰ ਬਚ ਸਕਦੇ ਹਾਂ
ਸ਼ੋਰ ਅੰਦਰ ਦੇ ਤੋਂ
ਪਰ ਕੀਕਰ ਬਚ ਸਕਦੇ ਹਾਂ ?

*



## ਸਿਰਜਣਾ ਦੇ ਪਲ

*

ਮੱਥੇ ਵਿਚ ਕੋਈ ਤ੍ਰਿਸ਼ੂਲ
ਢਿੱਡ ਵਿਚ ਜੰਮਣ ਪੀੜਾ
ਸੋਚ ਸਿਲਵਟਾਂ ਖਾਵੇ!

ਪਰਸਥਿਤੀਆਂ ਦੀ ਪੌਣ ਸ਼ੂਕਦੀ
ਵਿਚ ਕਲਪਨਾ ਜਿਉਂ ਕੋਈ ਚੁੰਨੀ
ਜਿੰਦ ਕੁੜੀ ਹੱਥਾਂ ਵਿਚ ਥੰਮ੍ਹੇ
ਪਰ ਇਹ ਉੱਡਦੀ ਜਾਵੇ!

ਸ਼ਬਦਾਂ ਦੇ ਹੱਥਾਂ ਦੀ ਪਕੜ 'ਚ
ਅਰਥ ਨਾ ਕੋਈ ਆਵੇ।
ਕਦੇ ਕਦੇ ਅਰਥਾਂ ਨੂੰ ਫੜਦਾ
ਸ਼ਬਦ ਸਿਥਲ ਹੋ ਜਾਵੇ।
ਕੁੜੀ ਵਿਚਾਰੀ ਹੰਭੀ-ਹਾਰੀ
ਘਬਰਾਵੇ! ਘਬਰਾਵੇ!!

ਦਿਲ ਭਾਵਾਂ ਦਾ ਸਾਗਰ ਖ਼ੌਲੇ
ਲਹਿਰਾਂ ਕੰਢੀਂ ਮੱਥੇ ਪਟਕਣ
ਇਕ ਆਵੇ ਇਕ ਜਾਵੇ।

ਸਾਗਰ ਤਹਿ ਪਰ ਚੁੱਪ ਖੇਡਦੀ
ਸ਼ਾਂਤ ਅਡੋਲ ਗੰਭੀਰ
ਮਾਤ-ਗਰਭ ਵਿਚ ਬਾਲ ਜਿਵੇਂ ਕੋਈ
ਪਲ ਪਲ ਰੂਪ ਵਟਾਵੇ।

ਕਦੇ ਕਦੇ ਪਰ ਅਥਰਾ ਸਾਗਰ
ਚੁੱਪ ਸ਼ਾਂਤ ਹੋ ਜਾਵੇ।

ਤੇ ਫਿਰ ਇਕ ਪਲ ਆਵੇ
ਇਕ ਜਲਪਰੀ ਝਿਲਮਿਲ ਕਰਦੀ
ਸਾਗਰ ਸਤਹ ਉਲੰਘ ਕੇ ਮੋਹਣੀ
ਪਾਣੀ 'ਤੇ ਖੜ੍ਹ ਜਾਵੇ!
ਮੁਸਕਾਵੇ! ਸ਼ਰਮਾਵੇ!!
ਮਟਕ ਮਟਕ ਤੁਰ ਜਾਵੇ!!!

ਸਾਗਰ ਇਕ ਝੁਣਝੁਣੀ ਲੈ ਕੇ
ਫਿਰ ਨਿੱਸਲ ਹੋ ਜਾਵੇ
ਚੁੱਪ ਦੀ ਜੂਨ ਹੰਢਾਵੇ!

ਫੇਰ ਕਦੇ ਉਹ ਹੀ ਪਲ ਆਵੇ
ਪਾਣੀ ਦੇ ਵਿਚ ਹਲਚਲ ਹੋਵੇ
ਲਹਿਰਾਂ ਭਰਨ ਕਲਾਵੇ
ਸਾਗਰ ਸਿਰਜਣ-ਜੂਨ ਹੰਢਾਵੇ!

*





## ਵਰਤਮਾਨ

*

ਵਰਤਮਾਨ 'ਤੇ—
ਸ਼ਿਕਵੇ ਕਰਦੇ
ਕਿਹੜੀ ਜੂਹ ਵਿਚ ਆ ਪਹੁੰਚੇ ਹਾਂ!

ਰਸਤੇ ਨਾਪੇ
ਵਾਟਾਂ ਲੰਘੀਆਂ
ਜੁ ਰੁੱਖ ਆਏ
ਸਭੇ ਰੁੱਖ ਹੀ
ਕਿੱਕਰਾਂ ਦੇ ਸਨ
ਕੰਡਿਆਲੇ ਅਤੇ ਰੁੱਖੇ ਰੁੱਖੇ।

ਪਰ ਜਦ
ਪਿਛਾਂਹ ਪਰਤ ਕੇ ਡਿੱਠਾ
ਸਾਰੇ ਰੁੱਖ ਚੰਦਨ ਦੇ ਲੱਗੇ!
ਖ਼ੁਸ਼ਬੋ ਵੰਡਦੇ
ਠੰਢੇ-ਮਿੱਠੇ
ਮਿੱਤਰਾਂ ਵਰਗੇ!!

ਹੁਣ ਵੀ ਜਿਧਰੋਂ ਵਿਚਰ ਰਹੇ ਹਾਂ
ਪਤਝੜ ਵਰਗੀ
ਬੇਰੁਖ਼ੀਆਂ ਦੀ ਰੁੱਤ ਲੱਗਦੀ ਹੈ!

ਕੱਲ੍ਹ ਨੂੰ ਪਰ ਜਦ
ਚਾਰ ਕੁ ਕਦਮ ਪਰੇਰੇ ਜਾ ਕੇ
ਪਰਤ ਪਿਛਾਂਹ ਵੱਲ ਤੱਕਾਂਗੇ
ਇਹ ਰੁੱਖੜੇ ਹੀ

ਇਉਂ ਜਾਪਣਗੇ
ਕੂਲੇ ਕੂਲੇ ਪੱਤਿਆਂ ਵਾਲੇ!
ਪਿਆਰੇ ਪਿਆਰੇ!!
ਮੋਹ ਦੀਆਂ
ਮਿੱਠੀਆਂ ਛਾਵਾਂ ਵਾਲੇ!!!

ਅੱਜ ਜੋ ਆਪਣੇ
ਪੈਰਾਂ ਦੇ ਵਿਚ
ਰੇਤ ਵਿਛੀ ਹੈ
ਲੰਘਦੇ ਹੀ ਬਸ
ਸੋਨੇ ਦੇ ਵਿਚ
ਵਟ ਜਾਣੀ ਹੈ।
ਜਿਸ ਨੂੰ ਦੂਰੋਂ ਵੇਖ ਵੇਖ ਕੇ
ਜੀਅ ਲਵਾਂਗੇ!
ਹਉਕੇ ਭਰ-ਭਰ
ਪਛਤਾਵਾਂਗੇ!!

ਵਰਤਮਾਨ 'ਤੇ
ਸ਼ਿਕਵੇ ਕਰਦੇ
ਕਿਹੜੀ ਜੂਹ ਵਿਚ...!

*



## ਝੋਰਾ

*

ਸੂਰਜ ਕਿੰਨੇ ਚੜ੍ਹਦੇ ਦੇਖੇ
ਸੂਰਜ ਬਹੁਤ ਉਤਰਦੇ ਦੇਖੇ
ਦੇਖੇ ਰੰਗ-ਤਮਾਸ਼ੇ ਦੇਖੇ
ਬਹੁੰ ਰੋਣੇ, ਬਹੁੰ ਹਾਸੇ ਦੇਖੇ।

ਅਜੇ ਦਿਲ ਕਰੇ ਅੱਥਰੇ ਬਣ ਕੇ
ਜਿਧਰ ਜਾਈਏ ਉੱਡਦੇ ਜਾਈਏ।
ਪਰ ਪੈਰਾਂ ਵਿਚ—
ਬੰਦਸ਼ ਦੀ ਜ਼ੰਜੀਰ ਨਾ ਪਾਈਏ!

ਮਨ ਵਿਚ ਅਜੇ ਉੱਡਣ ਦਾ ਚਾਅ ਹੈ!
ਮਨ ਵਿਚ ਬੰਧਨਾਂ ਦਾ ਝੋਰਾ ਹੈ!!

ਦਿਲ ਨਾਜ਼ਕ!
ਤੇ ਨਾਜ਼ਕ ਸਮਾਂ!!
ਇਸ ਤੋਂ ਕੀਕਰ ਆਪ ਬਚਾਈਏ?
ਪਰ ਚਿੱਤ ਕਰਦਾ
ਇਸ ਦੇ ਵਿਚ ਦੀ
ਬਣੇ-ਬਣਾਤੇ ਸੋਹਣੇ ਸਬੂਤੇ
ਹੱਸਦੇ ਹੱਸਦੇ ਹੀ ਲੰਘ ਜਾਈਏ
ਵਾਂਗ ਹਵਾ ਜਾਂ ਵਾਂਗ ਨਦੀ ਦੇ
ਰੁਮਕ ਰੁਮਕ ਕੇ ਵਗਦੇ ਜਾਈਏ!!

ਨਦੀਆਂ ਵੀ ਤੁਰਦੀਆਂ ਹੀ ਹਨ
ਤੁਰਦੀਆਂ ਤੁਰਦੀਆਂ ਝੁਰਦੀਆਂ ਵੀ ਹਨ
ਜੇ ਇਹ ਟਿੱਬੇ ਰੁੱਖ ਨਾ ਆਉਂਦੇ

ਇਹ ਅਣਹੋਏ ਦੁੱਖ ਨਾ ਆਉਂਦੇ
ਚੁੱਪ ਜਿਹੇ ਵਗਦੇ ਜਾਣਾ ਸੀ
ਜੂਹਾਂ ਦਾ ਕੀ ਥਹੁ ਪਾਣਾ ਸੀ ?

ਅਜੇ ਖੰਭਾਂ ਵਿਚ ਗਰਮੀ ਭੋਰਾ
ਅਣਗਾਹੇ ਗਗਨਾਂ ਦਾ ਝੋਰਾ
ਕਿਉਂ ਨਾ ਹੋਰ ਉਡਾਰੀ ਭਰੀਏ ?
ਕੁਝ ਤਾਂ ਹੋਰ ਅੰਬਰ ਨੂੰ ਤਰੀਏ
ਅਜੇ ਦਿਲ ਕਰੇ ਉੱਡਦੇ ਜਾਈਏ
ਪੈਰੀਂ ਕੋਈ ਜ਼ੰਜੀਰ ਨਾ ਪਾਈਏ!!

*





## ਮੇਰੇ ਦੋਸਤ

(ਹਿੰਦ-ਪਾਕਿ ਦੋਸਤੀ ਦੇ ਨਾਂ)

*

ਮੇਰੇ ਦੋਸਤ, ਮੇਰੇ ਮਹਿਬੂਬ
ਆ ਕਿ ਟੁੱਟ ਗਏ
ਸ਼ੀਸ਼ੇ ਦੇ ਟੁਕੜੇ ਜੋੜੀਏ!

ਸ਼ੀਸ਼ਾ
ਜਿਸ ਦੇ ਪਾਣੀਆਂ ਵਿਚ
ਜ਼ਹਿਰ ਕੌੜਾ ਘੁਲ ਗਿਆ।
ਇਕ ਸੁੱਚੇ ਇਕਰਾਰ ਦਾ ਸੀ
ਅਕਸ ਜਿਸ 'ਚ ਮਰ ਗਿਆ।
ਜਿਸ 'ਚ ਇਕ ਪਲ
ਕਤਲ ਵਰਗਾ ਹਾਦਸਾ ਸੀ ਹੋ ਗਿਆ।
ਸ਼ੈਕਸਪੀਰੀਅਨ ਦੁਖਾਂਤ ਦਾ ਸੀ
ਕਾਂਡ ਇਕ ਪੜ੍ਹਿਆ ਗਿਆ
ਤੇ ਹੋਰ ਇਕ ਪਲ
ਸਭਿੱਅਤਾ ਦਾ ਮਰਸੀਆ ਪੜ੍ਹਿਆ ਗਿਆ
ਤਹਿਜ਼ੀਬ ਨੂੰ ਤਦ ਸ਼ਰਮ ਦਾ ਸੀ
ਤਾਪ ਤੇਈਆ ਚੜ੍ਹ ਗਿਆ।

ਵਫ਼ਾ ਵਰਗੀ ਉਮਰ ਮੱਥੇ
ਨਾਗ ਮਾਰੂ ਲੜ ਗਿਆ
ਲਾਸ਼ ਉੱਤੇ ਨਫ਼ਰਤਾਂ ਦਾ
ਝੱਖੜ ਇਕ ਝੁੱਲਦਾ ਰਿਹਾ
ਇਕ ਅਕਸ ਮਾਂਦਾ ਪੈ ਗਿਆ।

ਇਕ ਹੋਰ ਝਟਕਾ ਲੱਗਿਆ
ਸ਼ੀਸ਼ੇ ਦਾ ਪਾਣੀ ਤਿੜਕਿਆ।

ਮੇਰੇ ਦੋਸਤ, ਮੇਰੇ ਮਹਿਬੂਬ
ਮੈਂ ਇਹ ਕੀ ਸੁਪਨਾ ਦੇਖਿਆ ?
ਸ਼ੀਸ਼ਾ ਜੋ ਚਿਰ ਦਾ ਟੁੱਟਿਆ
ਉਸ ਦਾ ਹਰ ਟੁੱਕੜਾ ਵਿਲਕਿਆ।
ਨਫ਼ਰਤਾਂ ਦੀ ਧੂੜ ਦਾ
ਹਰ ਕਣ ਅਚਾਨਕ ਉੱਡਿਆ।
ਵਫ਼ਾ ਦਾ ਇਕ ਹਰਫ਼ ਸੁੱਚਾ
ਹਾਦਸੇ 'ਚੋਂ ਬਚ ਗਿਆ।
ਵਾਪਰੇ ਦੁਖਾਂਤ ਦਾ
ਹਰ ਵਰਕਾ ਪੁੱਠਾ ਹੋ ਗਿਆ।
ਜੋ ਤੇਰੇ ਵਰਗੇ ਅਕਸ ਨੂੰ
ਹੈ ਫੇਰ ਜ਼ਿੰਦਾ ਕਰ ਗਿਆ।

ਮੇਰੇ ਸਾਥੀ!
ਮੇਰੇ ਦੋਸਤ, ਮੇਰੇ ਮਹਿਬੂਬ
ਸਮੇਂ ਦੀ ਅੱਜ ਤਾਰ ਨੂੰ
ਇਕ ਪੌਣ-ਝੌਂਕਾ ਛੁਹ ਗਿਆ
ਮੁਹੱਬਤਾਂ ਦਾ ਗੀਤ
ਸੀ ਜੋ ਬਹੁਤ ਪਹਿਲੋਂ ਸੌਂ ਗਿਆ
ਅੱਜ ਫੇਰ ਉੱਚਾ ਹੋ ਗਿਆ।
ਤੇ ਅੰਬਰਾਂ ਨੂੰ ਛੁਹ ਗਿਆ!
ਸੰਗੀਤ ਦਾ ਇਕ ਮਾਖਿਓਂ
ਬਰੂਹੀਂ ਸਾਡੇ ਚੋ ਗਿਆ।



ਦੋਸਤੀ ਦੇ ਵਾਅਦਿਆਂ ਦਾ
ਸ਼ਗਨ ਸੱਚਾ ਹੋ ਗਿਆ।
ਤੈਨੂੰ ਵੀ ਜੁ ਪੁਹ ਗਿਆ!
ਮੈਨੂੰ ਵੀ ਜੁ ਪੁਹ ਗਿਆ!!
ਤੇ ਦੁਸ਼ਮਣਾਂ ਨੂੰ ਕੁਹ ਗਿਆ!

ਮੇਰੇ ਦੋਸਤ, ਮੇਰੇ ਮਹਿਬੂਬ
ਆ ਕਿ ਟੁੱਟ ਗਏ
ਸ਼ੀਸ਼ੇ ਦੇ ਟੁੱਕੜੇ ਜੋੜੀਏ!

*

